# ਨਾਟਕ ਮੁਨਸ਼ੀ ਖਾਨ ਦਾ

(**ਜੋਗਾ ਸਿੰਘ** ਦੇ ਕਾਵਿ ਸਕੈੱਚ **ਮੁਨਸ਼ੀ ਖ਼ਾਨ** ਤੋਂ ਪ੍ਰੇਰਿਤ)

(ਨਾਟਕ ਸ਼ੁਰੂ ਹੋਣ 'ਤੇ ਮੁਨਸ਼ੀ ਸਣ ਦੀ ਰੱਸੀ ਵੱਟ ਰਿਹਾ ਹੈ ਤੇ ਨਾਲ-ਨਾਲ ਗੁਣਗੁਣਾ ਰਿਹਾ ਹੈ :

ਕੋਈ ਲੱਦਿਆ ਮੁਸਾਫਰ ਜਾਂਣਾ
ਦੁਨੀਆਂ ਰੰਗ ਵੱਸਦੀ।

*(ਸੂਬੇਦਾਰ ਆਉਂਦਾ ਹੈ।)*

ਮੁਨਸ਼ੀ : ਸਤਿ ਸ੍ਰੀ ਅਕਾਲ ਸੂਬੇਦਾਰ।

ਸੂਬੇਦਾਰ : ਤੱਕੜਾ ਏ ਮੁਨਸ਼ੀ ?

ਮੁਨਸ਼ੀ : ਤੱਕੜਾ ਹਾਂ ਸੂਬੇਦਾਰਾ, ਭਾਵੇਂ ਜੀ ਤੜਪਦਾ ਏ ਕਿ ਜ਼ਿੰਦਗੀ ਵਾਲੀ ਮੁਸਾਫਰੀ ਹੁਣ ਮੁੱਕ ਹੀ ਜਾਏ (ਫੇਰ ਰੌਂ ਬਦਲਕੇ) ਉਂਝ ਤੂੰ ਜਦੋਂ ਮੈਨੂੰ ਮੁਨਸ਼ੀ ਬੁਲਾਉਂਦਾ ਏਂ ਤਾਂ ਚਿੱਤ ਖਿੜ ਜਾਂਦੈ ਤੇ ਇਹ ਮੁਸਾਫਰੀ ਤੁਰੀ ਜਾਣ 'ਤੇ ਦਿਲ ਕਰਦਾ ਏ।

ਸੂਬੇਦਾਰ : ਪਿੰਡ ਵਾਲਿਆਂ ਲਈ ਭਾਵੇਂ ਤੂੰ ਸੱਜਣ ਸਿੰਘ ਹੋ ਜਾਏਂ, ਪਰ ਮੇਰੇ ਲਈ ਤਾਂ ਤੂੰ ਮੁਨਸ਼ੀ ਹੀ ਏਂ, ਦੁੱਲੇ ਮੋਚੀ ਦਾ ਪੁੱਤ, ਦੂਲਾ ਜੀਹਦੇ ਨਾਲ ਦੀਆਂ ਜੁੱਤੀਆਂ ਇਲਾਕੇ ਸਾਰੇ ਵਿਚ ਕੋਈ ਨਹੀਂ ਬਣਾਉਂਦਾ ਸੀ ਜੀਹਦੇ ਕੋਲ ਸਾਰੇ ਮੁੰਡਿਆਂ ਦੀ ਮਹਿਫਲ ਹਮੇਸ਼ਾਂ ਲੱਗੀ ਰਹਿੰਦੀ ਸੀ।

ਮੁਨਸ਼ੀ : ਹਾਹੋ ਅੱਬਾ ਨੂੰ ਕਿੰਨੀਆਂ ਕਹਾਣੀਆਂ ਆਂਦੀਆਂ ਸਨ, ਭਗਤਾਂ ਦੀਆਂ, ਵਲੀਆਂ ਦੀਆਂ, ਬਾਬੇ ਨਾਨਕ ਦੀਆਂ ਸਾਖੀਆਂ ਜਿੰਨੀਆਂ ਉਹਨੂੰ ਆਉਂਦੀਆਂ ਸਨ, ਉਨੀਆਂ ਤਾਂ ਕਿਸੇ ਗੁਰਦੁਆਰੇ ਦੇ ਭਾਈ ਜੀ ਨੂੰ ਨਹੀਂ ਆਉਂਦੀਆਂ ਹੋਣੀਆਂ।

ਸੂਬੇਦਾਰ : ਤੇ ਮੁਨਸ਼ੀ ਤੈਨੂੰ ਪਤਾ ਏ ਕਿ ਜਦੋਂ ਉਹਦਾ ਜਨਾਜ਼ਾ ਉੱਠਿਆ ਸੀ, ਸਾਰਾ ਪਿੰਡ ਸ਼ਾਮਲ ਹੋਇਆ ਤੇ ਉਹਦੀ ਕਬਰ ਦੀ ਮਿੱਟੀ ਪੁੱਟਣ ਲਈ ਪਹਿਲਾ ਟੱਕ ਮੇਰੇ ਬਾਪੂ ਜੀ ਨੇ ਲਗਾਇਆ ਸੀ।

ਮੁਨਸ਼ੀ : ਆਹੋ ਸੂਬੇਦਾਰਾ ਕਿੰਨਾ ਮੋਹ ਸੀ ਸਾਰੇ ਲੋਕਾਂ ਦਾ ਆਪਸ ਵਿਚ ਤੇ ਸ਼ਾਇਦ ਇਸੇ ਮੋਹ ਨੇ ਹੀ ਮੈਨੂੰ ਬੰਨ ਕੇ ਰੱਖਿਆ ਤੇ ਮੈਂ ਪਾਕਿਸਤਾਨ ਨਾ ਗਿਆ- ਮੈਂ ਕਿਹਾ ਇਸ ਧਰਤੀ ਦੀ ਮਿੱਟੀ ਵਿਚ ਆਪਣੇ ਬਾਪ ਦਾਦੇ ਦੀਆਂ ਕਬਰਾਂ ਨੇ, ਉਹ ਕਿਉਂ ਛੱਡ ਕੇ ਜਾਵਾਂ। ਦੇਬੇ ਦੇ ਬਾਪੂ ਨੇ ਵੀ ਕਿਹਾ ਮੁਨਸ਼ੀ ਨਾ ਜਾ, ਇਥੇ ਰਹਿ ਸਾਡੇ ਕੋਲ।

ਸੂਬੇਦਾਰ : ਆਹੋ ਇਹ ਘਰ ਤਾਂ ਤੇਰੇ ਆਪਣੇ ਘਰ ਵਰਗਾ ਸੀ।

ਮੁਨਸ਼ੀ : ਪਰ ਪਿੰਡ ਵਾਲੇ ਦੂਜੇ ਕਹਿਣ ਕਿ ਮੁਨਸ਼ੀ ਨੇ ਜੇ ਇਥੇ ਰਹਿਣਾ ਏ ਤਾਂ ਸਿੰਘ ਸਜ ਕੇ ਰਹੇ, ਉਂਞ ਅਸੀਂ ਨਹੀਂ ਰਹਿਣ ਦੇਣਾ। ਇਹੋ ਜਿਹੀ ਮਜ਼ਹਬੀ ਹਨੇਰੀ ਸੀ ਉਸ ਵੇਲੇ। ਦੇਬੇ ਦੇ ਬਾਪੂ ਨੇ ਪਿੰਡ ਵਾਲਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਬਈ ਜਬਰਦਸਤੀ ਕਾਹਨੂੰ ਕਰਨੀ ਏਂ ਪਰ ਉਹ ਨਾ ਮੰਨੇ। ਫੇਰ ਉਹ ਮੈਨੂੰ ਹੀ ਕਹਿਣ ਲੱਗਾ ਮੁਨਸ਼ੀ ਕਿਥੇ ਜਾਏਂਗਾ। ਬਗਾਨੀ ਧਰਤੀ 'ਤੇ, ਉਥੇ ਤੇਰਾ ਕੌਣ ਏ ਤੇ ਮੈਂ ਮੰਨ ਲਿਆ, ਮੁਨਸ਼ੀਖਾਨ ਤੋਂ ਸੱਜਣ ਸਿੰਘ ਬਣ ਗਿਆ।

ਸੂਬੇਦਾਰ : ਲੈ ਮੈਨੂੰ ਤਾਂ ਇਸ ਗੱਲ ਦਾ ਇਲਮ ਨਹੀਂ ਕਿ ਪਿੰਡ ਵਾਲਿਆਂ ਨੇ ਇਹ ਸ਼ਰਤ ਲਾਈ ਸੀ।

ਮੁਨਸ਼ੀ : ਤੈਨੂੰ ਕਿਵੇਂ ਪਤਾ ਹੁੰਦਾ, ਤੂੰ ਤਾਂ ਉਦੋਂ ਕਿਤੇ ਆਸਾਮ ਦੇ ਜੰਗਲਾਂ ਵਿਚ ਲੱਗਾ ਹੋਇਆ ਸੀ! ਨਾਲੇ ਇਹ ਸ਼ਰਤ ਪਿੰਡ ਵਾਲਿਆਂ ਨਹੀਂ ਸੀ ਲਗਾਈ, ਗਿਆਨੀ ਹਜ਼ੂਰਾ ਸਿੰਘ ਨੇ ਲਗਾਈ ਸੀ ਤੇ ਪਿੰਡ ਵਾਲੇ ਉਸਦੇ ਮਗਰ ਲੱਗ ਗਏ।

ਸੂਬੇਦਾਰ : ਮੈਂ ਹੁੰਦਾ ਤਾਂ ਸ਼ਾਇਦ ਇੰਞ ਨਾ ਹੋਣ ਦੇਂਦਾ, ਇਹ ਤਾਂ ਜ਼ਬਰਦਸਤੀ ਹੋਈ।

ਮੁਨਸ਼ੀ : ਉਸ ਵੇਲੇ ਤੂੰ ਵੀ ਪਿੰਡ ਵਾਲਿਆਂ ਵਾਕੁਣ ਹੀ ਸੋਚਣਾ ਸੀ, ਮਜਹਬੀ ਹਨੇਰੀ ਜਦੋਂ ਚਲਦੀ ਏ, ਵੱਡਿਆਂ ਵੱਡਿਆਂ ਦੀ ਸੁਰਤ ਮਾਰੀ ਜਾਂਦੀ ਏ–ਫੇਰ ਬੰਦਾ, ਬੰਦਾ ਨਹੀਂ ਰਹਿੰਦਾ ਮੁਸਲਮਾਨ ਬਣ ਜਾਂਦਾ ਹੈ, ਹਿੰਦੂ ਬਣ ਜਾਂਦਾ ਹੈ, ਸਿੱਖ ਬਣ ਜਾਂਦਾ ਹੈ! ਮੈਨੂੰ ਯਾਦ ਏ ਉਹ ਗਿਆਨੀ ਹਜ਼ਾਰਾ ਸਿੰਘ ਕਿੰਨਾ ਖੁਸ਼ ਹੋਇਆ ਜਿਵੇਂ ਉਹਨੇ ਇਕ ਪੁੰਨ ਖੱਟ ਲਿਆ ਹੈ ਇਕ ਮੁਸਲਮਾਨ ਨੂੰ ਸਿੰਘ ਸੱਜਾ ਲਿਆ। ਲਬਾਂ ਨਾਂ ਮੈਂ ਪਹਿਲ ਕੱਟਦਾ ਸਾਂ ਤੇ ਨਾਂ ਫੇਰ ਕਦੇ ਕੱਟੀਆਂ! ਦਾੜੀ ਕੱਟਦਾ ਸਾਂ ਤੇ ਫੇਰ ਉਹ ਵੀ ਹੱਟ ਗਿਆ।

ਸੂਬੇਦਾਰ : ਮੁਨਸ਼ੀ, ਤੈਨੂੰ ਆਪਣੇ ਫੈਸਲੇ 'ਤੇ ਕਦੀ ਪਛਤਾਵਾ ਨਹੀਂ ਹੋਇਆ।

ਮੁਨਸ਼ੀ : ਪਹਿਲਾਂ ਤਾਂ ਕਦੇ ਨਹੀਂ ਹੋਇਆ ਜਿਨਾਂ ਚਿਰ ਦੇਬੇ ਦਾ ਬਾਪੂ ਤੇ ਭਾਬੀ ਗੁਲਾਬ ਕੌਰ ਜੀਂਦੀ ਰਹੀ, ਬਿਲਕੁਲ ਹੀ ਨਹੀਂ ਹੋਇਆ। ਘਰ ਦੇ ਜੀਵਾਂ ਵਾਕੁਣ ਇਥੇ ਜੀਵਿਆ ਇਹ ਦੇਬਾ ਤੇ ਜੱਗਾ ਮੇਰੇ ਹੱਥਾਂ ਵਿਚ ਹੀ ਪੱਲੇ ਨੇ, ਪਰ ਹੁਣ...

ਸੂਬੇਦਾਰ : ਹੁਣ ਕੀ ?

ਮੁਨਸ਼ੀ : ਸੂਬੇਦਾਰ ਹੁਣ ਦੇਬੇ ਦੀ ਬਹੂ ਦਾ ਜਦੋਂ ਦਾ ਚੌਂਕੇ ਵਿਚ ਰਾਜ ਹੋਇਆ ਏ, ਇੰਞ ਹੀ ਲਗਦਾ ਏ ਕਿ ਗਰੀਬ ਬੰਦਾ ਜਿਹਦੀ ਆਪਣੀ ਜ਼ਮੀਨ

ਨਹੀਂ, ਧਰਤੀ ਨਹੀਂ, ਉਹਦਾ ਕਿਸੇ ਧਰਤੀ ਨਾਲ ਮੋਹ ਕੈਸਾ ? ਬਸ ਗਰੀਬ ਬੰਦਾ, ਗਰੀਬ ਹੀ ਏ, ਨੀਵਾਂ, ਨੀਵਾਂ ਹੀ ਏ।

*(ਬਾਹਰੋਂ ਜਸਬੀਰ ਕੌਰ ਦੀ ਆਵਾਜ਼ ਆਉਂਦੀ ਹੈ। "ਸੱਜਣ ਚਾਚਾ ਕੰਮ ਮੁੱਕਾ ਲੈ, ਗੱਲਾਂ ਪਿਛੋਂ ਕਰ ਲਈ" ਤੇ ਫੇਰ ਆਉਂਦੀ ਹੈ। ਸੂਬੇਦਾਰ ਨੂੰ ਵੇਖ ਕੇ ਪੱਲਾ ਕਰ ਲੈਂਦੀ ਹੈ।)*

ਜਸਬੀਰ : ਤਾਇਆ ਜੀ ਤੁਸੀਂ, ਸਤਿ ਸ੍ਰੀ ਅਕਾਲ

ਸੂਬੇਦਾਰ : ਸਤਿ ਸ੍ਰੀ ਅਕਾਲ, ਮੈਂ ਪੁਛਣ ਆਇਆ ਸੀ ਕਿ ਜੋਗੇ ਦੀ ਕੋਈ ਚਿੱਠੀ ਨਹੀਂ ਆਈ ? ਆਵੇਗਾ ਨੇੜੇ ਤੇੜੇ ?

ਮੁਨਸ਼ੀ : ਜੋਗਾ, ਇਸ ਇਤਵਾਰ ਜ਼ਰੂਰ ਆਏਗਾ।

ਜਸਬੀਰ : ਤਾਇਆ ਜੀ, ਜੋਗੇ ਬਾਰੇ ਸਾਡੇ ਨਾਲੋਂ ਉਹਦੇ ਇਸ ਚਾਚੇ ਨੂੰ ਬਹੁਤਾ ਪਤਾ ਏ, ਇਹਦੀ ਤਾਰ ਖੜਕਦੀ ਏ। ਤੁਹਾਨੂੰ ਉਹਦੇ ਨਾਲ ਕੰਮ ਸੀ ?

ਸੂਬੇਦਾਰ : ਪਿਛਲੀ ਵਾਰ ਆਇਆ ਸੀ, ਉਹਦੇ ਹੱਥ ਵਿਚ ਅਰਜ਼ੀ ਭੇਜੀ ਸੀ। ਗੋਬਰ ਗੈਸ ਪਲਾਂਟ ਦੀ, ਪਿੰਡ ਵਾਲੇ ਪੁੱਛਦੇ ਰਹਿੰਦੇ ਨੇ।

ਮੁਨਸ਼ੀ : ਸੂਬੇਦਾਰਾ, ਤੈਨੂੰ ਇਕ ਗੱਲ ਕਹਾਂ ?

ਸੂਬੇਦਾਰ : ਕਹਿ।

ਮੁਨਸ਼ੀ : ਇਹ ਪਿੰਡ ਦੇ ਬੰਦੇ ਗੋਹਾ ਨੇ, ਗੋਹੇ ਵਿਚ ਹੀ ਜੰਮੇ, ਗੋਹੇ ਵਿਚ ਹੀ ਮਰਨਗੇ, ਇਹਨਾਂ ਨੂੰ ਨੀ ਫਰਕ ਪੈਣਾ ਕਿ ਗੋਹਾ ਪਾਥੀਆਂ ਬਣਕੇ ਬਲੇ ਜਾਂ ਗੈਸ ਬਣਕੇ ਬਲੇ।

ਜਸਬੀਰ : ਵੇਖ ਖਾਂ ਗੱਲਾਂ ਕਿਸ ਤਰ੍ਹਾਂ ਆਉਂਦੀਆਂ ਨੇ, ਤਾਇਆ ਜੀ ਤੁਸੀਂ ਬੈਠੋ ਮੈਂ ਚਾਹ ਧਰਦੀ ਹਾਂ।

ਸੂਬੇਦਾਰ : ਨਾ ਧੀਏ, ਚਾਹ ਦੀ ਲੋੜ ਨਹੀਂ ਬਸ ਪੀਕੇ ਆਇਆ ਹਾਂ।

ਜਸਬੀਰ : ਚੰਗਾ ਜਿਵੇਂ ਤੁਹਾਡੀ ਮਰਜ਼ੀ–

*(ਜਾਂਦੀ ਹੈ।)*

ਮੁਨਸ਼ੀ : ਸੂਬੇਦਾਰਾ ਤੂੰ ਚਾਹ ਨੂੰ ਨਾਂਹ ਕਿਉਂ ਕਰਨੀ ਸੀ ? ਤੇਰੇ ਬਹਾਨੇ ਸਾਨੂੰ ਵੀ ਮਿੱਠੇ ਵਾਲੀ ਚਾਹ ਮਿਲ ਜਾਣੀ ਸੀ।

ਸੂਬੇਦਾਰ : ਮਿੱਠੇ ਵਾਲੀ ਚਾਹ ? ਕਿਉਂ ਕੀ ਗੱਲ ਏ ?

ਮੁਨਸ਼ੀ : ਗੱਲ ਹੀ ਸਾਰੀ ਮਿੱਠੇ ਵਾਲੀ ਚਾਹ ਦੀ ਏ ਜਦੋਂ ਦੀ ਭਾਬੀ ਗੁਲਾਬ ਕੌਰ ਪ੍ਰਲੋਕ ਸਿਧਾਰੀ ਏ ਤੇ ਉਹਦੀ ਇਸ ਨੂੰਹ ਨੇ ਚੌਕਾਂ ਸਾਂਭਿਆ ਏ ਕਦੀ ਪੂਰੇ ਮਿੱਠੇ ਵਾਲੀ ਚਾਹ ਨਸੀਬ ਨਹੀਂ ਹੋਈ ਪਤਾ ਨਹੀਂ ਵੱਡੇ ਦਿਲਾਂ ਵਾਲਿਆਂ ਦੇ ਇਸ ਘਰ ਵਿਚ ਇਹ ਭੁੱਖੇ ਘਰ ਦੀ ਧੀ ਕਿਵੇਂ ਆ ਗਈ।

ਸੂਬੇਦਾਰ : ਭੁੱਖੇ ਘਰ ਦੀ ਧੀ ਕਿਉਂ ? ਇਹ ਤਾਂ ਵੱਡੇ ਸਰਦਾਰਾਂ ਦੀ ਧੀ ਏ। ਵਿਆਹ ਵੇਲੇ ਏਨੀਂ ਦਾਤ ਲਿਆਈ ਸੀ ਕਿ ਪਿੰਡ ਵੇਖਦਾ ਰਹਿ ਗਿਆ ਸੀ।

ਮੁਨਸ਼ੀ : ਸੂਬੇਦਾਰਾ ਇਹ ਸਾਰੀਆਂ ਦਾਤਾਂ ਇਹਨਾਂ ਦੇ ਆਪਣੇ ਲਈ ਹੀ ਨੇ, ਹੋਵੇਗੀ ਵੱਡੇ ਸਰਦਾਰਾ ਦੀ ਧੀ, ਸਾਡੇ ਲਈ ਇਹ ਭੁੱਖਿਆਂ ਦੀ ਧੀ ਹੀ ਏ।ਏਨੇ ਜਦੋਂ ਦਾ ਚੌਂਕਾ ਸਾਂਭਿਆ ਏ ਕਦੇ ਰੱਜ ਕੇ ਨਹੀਂ ਦਿੱਤਾ ਤਾਂ ਜਦੋਂ ਦੇਂਦੀ ਵੀ ਏ ਤਾਂ ਸੜੀਆਂ ਭੁੱਜੀਆਂ ਜ਼ਰੂਰ ਲਗਾਉਂਦੀ ਏ।

ਸੂਬੇਦਾਰ : ਅੱਛਾ ਲਗਦੀ ਤਾਂ ਮਿੱਠ ਬੋਲੜੀ ਏ।

ਮੁਨਸ਼ੀ : ਇਹਦੇ ਮਿੱਠੇ ਬੋਲਾਂ ਦਾ ਜਾਂ ਮੈਨੂੰ ਪਤਾ ਏ ਜਾਂ ਫੇਰ ਦੇਬੇ ਨੂੰ। ਦੇਬਾ ਤਾਂ ਬਿਲਕੁਲ ਇਹਦੇ ਥੱਲੇ ਲੱਗਾ ਹੋਇਆ ਏ, ਕੁਸਕਦਾ ਨਹੀਂ। ਮੈਂ ਤਾਂ ਕਦੋਂ ਦਾ ਚਲਿਆ ਜਾਂਦਾ ਪਰ ਇਸ ਘਰ ਦਾ ਲੂਣ ਖਾਧਾ ਹੋਇਆ ਏ। ਨਾਲੇ ਮੇਰਾ ਵੀ ਹੁਣ ਦੇਬੇ ਤੇ ਜੋਗੇ ਬਿਨਾਂ ਇਸ ਜੱਗ ਵਿਚ ਕੌਣ ਏ ?

*(ਬਾਹਰੋਂ ਆਵਾਜ਼ "ਸੱਜਣ ਚਾਚਾ ਮੱਝਾਂ ਨੂੰ ਪਾਣੀ ਪਿਆਉਣ ਦਾ ਵੇਲਾ ਹੋ ਗਿਆ ਏ, ਮੱਝਾਂ ਕਦੋਂ ਦੀਆਂ ਅੜਿੰਗਦੀਆਂ ਪਈਆਂ ਨੇ।")*

ਮੁਨਸ਼ੀ : ਮੈਨੂੰ ਵੀ ਪਤਾ ਏ ਕਿਉਂ ਅੜਿੰਗਦੀਆਂ ਪਈਆਂ ਨੇ ? (ਉੱਠਦਾ ਹੋਇਆ) ਮੈਂ ਕੀਹਦੀਆਂ-ਕੀਹਦੀਆਂ ਅੜਿੰਗੀਆਂ ਸੁਣਾ ! ਸੂਬੇਦਾਰਾ ਤੈਨੂੰ ਇਕ ਗੱਲ ਆਖਾਂ, ਭਾਵੇਂ ਸੋਚਿਆ ਸੀ ਕਿ ਜੋਗੇ ਨੂੰ ਹੀ ਆਖਾਂਗਾ ਪਰ ਤੂੰ ਅੱਜ ਦੱਸਿਆ ਕਿ ਮੇਰੇ ਬਾਪੂ ਦੀ ਕਬਰ ਲਈ ਜਦੋਂ ਮਿੱਟੀ ਪੁੱਟੀ ਗਈ ਤਾਂ ਕਹੀ ਦਾ ਪਹਿਲਾ ਟੱਕ ਤੇਰੇ ਬਾਪੂ ਨੇ ਲਾਇਆ ਸੀ। ਮੈਨੂੰ ਵੀ ਮਰਨ ਤੋਂ ਬਾਅਦ ਫੂਕਿਓ ਨਾ ਬਸ ਕਬਰ ਹੀ ਬਣਾ ਦੇਣਾ ਤੇ ਮਿੱਟੀ ਪੁੱਟਣ ਲਈ ਪਹਿਲਾ ਟੱਕ ਤੂੰ ਲਾਈਂ।

ਸੂਬੇਦਾਰ : ਚੱਲ ਮੁਨਸ਼ੀ, ਹਾਲੇ ਮਰਨ ਦੀ ਗੱਲ ਨਾ ਕਰ, ਨਾਲੇ ਕੀ ਪਤਾ ਤੇਰੇ ਤੋਂ ਪਹਿਲੇ ਮੈਨੂੰ ਹੀ ਉਪਰੋਂ ਸੱਦਾ ਆ ਜਾਏ।

ਮੁਨਸ਼ੀ : ਨਹੀਂ ਸੂਬੇਦਾਰਾ, ਫੌਜੀ ਜੇ ਜੰਗ ਦੇ ਮੈਦਾਨ ਤੋਂ ਬਚ ਜਾਏ ਫੇਰ ਛੇਤੀ ਕੀਤੇ ਨਹੀਂ ਮਰਦਾ। ਉੱਪਰ ਵਾਲਾ ਉਡੀਕਦਾ ਰਹਿਦਾ ਹੈ ਫੌਜੀਆਂ ਆ ਜਾ ਤੇ ਫੌਜੀ ਸਲੂਟ ਮਾਰਕੇ ਆਖੇਗਾ ਰੱਬ ਜੀ ਅਭੀ ਉਡੀਕ ਕਰੋ, ਹਮਨੇ ਮੁਨਸ਼ੀ ਖਾਂ ਦੀ ਕਬਰ ਪੁੱਟਨੇ ਕੇ ਲੀਏ ਅਭੀ ਕਹੀ ਕਾ ਪਹਿਲਾ ਟੱਕ ਮਾਰਨਾ ਹੈ। (ਜਾਣ ਲਈ ਮੁੜਦਾ ਹੈ) ਕੋਈ ਲੱਦਿਆ ਮੁਸਾਫਰ ਜਾਂਦਾ, ਦੁਨੀਆ ਰੰਗ ਵੱਸਦੀ।

ਸੂਬੇਦਾਰ : ਕੌਣ ਜਾਣਦੈ, ਬੰਦੇ ਨੇ ਆਪਣੇ ਅੰਦਰ ਕਿਹੜੀ ਕਿਹੜੀ ਅੱਗ ਸਾਂਭੀ ਹੁੰਦੀ ਹੈ ? (ਹੌਲੇ ਹੌਲੇ ਬਾਹਰ ਜਾਂਦਾ ਹੈ।)

## ਸੀਨ ਦੂਜਾ

(ਦੇਬਾ ਅਤੇ ਜੋਗਾ ਗੱਲਾਂ ਕਰ ਰਹੇ ਹਨ। ਜਸਵੀਰ ਨਾਲ ਨਾਲ ਕੰਮ ਕਰ ਰਹੀ ਏ ਤੇ ਨਾਲੇ ਉਹਨਾਂ ਦੀਆਂ ਗੱਲਾ ਵਿਚ ਵੀ ਸ਼ਾਮਲ ਹੁੰਦੀ ਹੈ।)

ਦੇਬਾ : ਜੋਗਿਆ ਤੈਨੂੰ ਪੜ੍ਹਾ ਦਿੱਤਾ ਏ, ਇਹਦਾ ਇਹ ਮਤਲਬ ਨਹੀਂ ਕਿ ਜਿਹੜੀਆਂ ਗੱਲਾਂ ਦਾ ਤੈਨੂੰ ਪਤਾ ਨਹੀਂ ਉਹਨਾਂ ਵਿਚ ਦਖ਼ਲ ਦੇਵੈਂ।

ਜੋਗਾ : ਬਾਈ ਦਖ਼ਲ ਵਾਲੀ ਗੱਲ ਨਹੀਂ, ਪਰ ਮੈਂ ਵੀ ਆਪਣੀ ਰਾਏ ਰੱਖਦਾ ਹਾਂ।

ਦੇਬਾ : ਰਾਏ ਰੱਖਦਾ ਏਂ ਤਾਂ ਰੱਖ, ਪਰ ਸਾਡੇ ਲਈ ਵੀ ਜ਼ਰੂਰੀ ਨਹੀਂ ਕਿ ਅਸੀਂ ਤੇਰੀ ਰਾਏ ਮੰਨੀਏ।

ਜੋਗਾ : ਪਰ ਚਾਚੇ ਨੇ ਸਾਰੀ ਉਮਰ ਸਾਡੀ ਸੇਵਾ ਕੀਤੀ ਹੈ। ਹੁਣ ਜਦੋਂ ਉਹ ਬੁੱਢਾ ਹੋ ਗਿਆ ਏ, ਉਹ ਦੇ ਕੋਲੋਂ ਕੰਮ ਨਹੀਂ ਹੁੰਦਾ, ਇਹ ਤਾਂ ਵਾਜਬ ਨਹੀਂ ਕਿ ਅਸੀਂ ਉਸਦੀ ਪਰਵਾਹ ਨਾ ਕਰੀਏ, ਉਹਨੂੰ ਠੁੱਕਰਾ ਦੇਈਏ।

ਜਸਬੀਰ : ਪਰ ਇਹ ਵੀ ਨਹੀਂ ਕਿ ਅਸੀਂ ਇਹਨੂੰ ਸਿਰ ’ਤੇ ਬਿਠਾ ਲਈਏ।

ਦੇਬਾ : ਇਹਨੂੰ ਕਿਹਾ ਏ ਕਿ ਖੇਤ ਵਾਲੇ ਕੋਠੇ ’ਚ ਪਿਆ ਰਹੇ, ਪੱਕੇ ਬਾਜਰੇ ਜਾਂ ਜਵਾਰ ਤੋਂ ਚਿੜੀਆਂ ਉਡਾ ਦਿਆ ਕਰੇ, ਰੋਟੀ ਉਸਨੂੰ ਉਥੇ ਮਿਲ ਜਾਵੇਗੀ।

ਜੋਗਾ : ਰੋਟੀ ਨਾ ਕਵੋ, ਇਹ ਕਵੋ ਬੁਰਕੀ ਇਹਨੂੰ ਵੀ ਮਿਲ ਜਾਵੇਗੀ, ਜਿਸ ਤਰ੍ਹਾਂ ਡੱਬੂ ਕੁੱਤੇ ਨੂੰ ਮਿਲਦੀ ਏ।

ਜਸਬੀਰ : ਬੁਰਕੀ ਕਿਉਂ ?

ਜੋਗਾ : ਭਾਬੀ, ਚਾਰ ਪੰਜ ਕੱਚੀਆਂ ਪੱਕੀਆਂ ਤੇ ਕਦੀ ਕਦੀ ਬਹੀਆਂ ਚਾਚੇ ਸੱਜਣ ਸਿੰਘ ਵੱਲ ਇਵੇਂ ਹੀ ਸੁੱਟੀਆਂ ਜਾਂਦੀਆਂ ਨੇ ਜਿਵੇਂ ਕਿਸੇ ਕੁੱਤੇ ਵੱਲ ਸੁੱਟੀਦੀਆਂ ਨੇ। ਇਹ ਅੰਨ ਦਾ ਵੀ ਨਿਰਾਦਰ ਏ ਤੇ ਬੰਦੇ ਦਾ ਵੀ।

ਦੇਬਾ : ਫੇਰ ਤੂੰ ਚਾਹੁੰਦਾ ਕੀ ਏਂ ?

ਜੋਗਾ : ਮੈਂ ਚਾਹੁੰਦਾ ਹਾਂ ਕਿ ਚਾਚੇ ਨਾਲ ਬੰਦਿਆਂ ਵਾਂਗ ਸਲੂਕ ਕੀਤਾ ਜਾਏ, ਉਹਨੂੰ ਘਰ ਦਾ ਜੀ ਸਮਝਿਆ ਜਾਏ–ਬਾਕੀ ਅਸੀਂ ਇਹ ਕਿਉਂ ਭੁੱਲੀਏ, ਉਹਨੇ ਤੈਨੂੰ ਵੀ ਆਪਣੇ ਹੱਥਾਂ ਵਿਚ ਖਿਡਾਇਆ

ਏ ਤੇ ਮੈਨੂੰ ਵੀ।ਕੰਧਾੜੇ ਚਾੜ੍ਹ ਕੇ ਪਿੰਡ ਦੀਆਂ ਗਲੀਆਂ ਘੁੰਮਾਈਆਂ ਨੇ।

ਜਸਬੀਰ : ਤੇ ਹੁਣ ਇਹ ਚਾਹੁੰਦਾ ਏ ਕਿ ਅਸੀਂ ਇਹਦੇ ਚਾਚੇ ਨੂੰ ਕੰਧਾੜੇ 'ਤੇ ਚਾੜ੍ਹ ਕੇ ਪਿੰਡ ਦੀਆਂ ਗਲੀਆ ਘੰਮਾਈਏ।

ਜੋਗਾ : ਕੰਧਾੜੇ ਤਾ ਨਾ ਚੜ੍ਹਾਓ ਪਰ ਠੁੱਡੇ ਤਾਂ ਨਾ ਮਾਰੋ।

ਦੇਬਾ : ਕੌਣ ਠੁੱਡੇ ਮਾਰਦਾ ਏ ? ਐਵੇਂ ਗੱਲ ਨੂੰ ਵਧਾਈ ਜਾਨਾ ਏਂ।

ਜਸਬੀਰ : ਤੂੰ ਜੋਗਿਆ ਜਦੋਂ ਆਉਂਦਾ ਏਂਆਪਣੇ ਇਸ ਚਾਚੇ ਦਾ ਕਿੱਸਾ ਛੋਹ ਬਹਿਨਾ ਏਂ, ਇਹਦਾ ਸਾਡੇ ਨਾਲ ਰਿਸ਼ਤਾ ਕੀ ਏ ?

ਜੋਗਾ : ਭਾਬੀ ਸਾਡੇ ਨਾਲ ਨਹੀਂ। ਇਸ ਘਰ ਨਾਲ ਪੂਰਾ ਰਿਸ਼ਤਾ ਏ।ਅਸੀਂ ਤਾਂ ਹਾਲੇ ਜੰਮੇ ਨਹੀਂ ਸੀ ਜਦੋਂ ਇਹ ਰਿਸ਼ਤਾ ਜੁੜਿਆ ਸੀ। ਬਾਪੂ ਤੇ ਬੀਬੀ ਜਿੰਨਾ ਚਿਰ ਜੀਂਦੇ ਰਹੇ ਉਹ ਇਸ ਰਿਸ਼ਤੇ ਨੂੰ ਜਾਣਦੇ ਸੀ। ਤੇ ਮੈਂ ਚਾਹੁੰਦਾ ਹਾਂ ਕਿ ਭਾਬੀ ਤੂੰ ਵੀ ਇਸ ਰਿਸ਼ਤੇ ਨੂੰ ਸਮਝੇਂ।

ਜਸਬੀਰ : ਕਿਉਂ ?

ਜੋਗਾ : ਕਿਉਂਕਿ ਹੁਣ ਚੁੱਲੇ ਚੌਂਕੇ ਦੀ ਮਾਲਕ ਤੂੰ ਏਂ।

ਜਸਬੀਰ : ਮੈਂ ਕੋਈ ਠੇਕਾ ਨਹੀਂ ਲਿਆ ਕਿ ਬੀਬੀ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਫਿਰਾਂ, ਉੱਤੋਂ ਮਹਿੰਗਾਈ, ਕਿਸੇ ਚੀਜ਼ ਨੂੰ ਹੱਥ ਨਹੀਂ ਲਾਉਣ ਦੇਂਦੀ।

ਜੋਗਾ : ਭਾਬੀ ਦੁੱਖ ਵਾਲੀ ਗੱਲ ਹੀ ਇਹ ਵੇ ਕਿ ਬਿਗਾਨੇ ਘਰਾਂ ਵਾਲੀਆਂ ਆ ਕੇ ਘਰਾਂ ਦੀਆਂ ਮਾਲਕ ਬਣ ਜਾਂਦੀਆਂ ਨੇ। ਜਿਨ੍ਹਾਂ ਨੂੰ ਸਾਰ ਨਹੀਂ ਹੁੰਦੀ ਕਿ ਪੁਰਾਣੇ ਰਿਸ਼ਤੇ ਕੀ ਨੇ ? ਤੇ ਇਹ ਵੀ ਦੁੱਖ ਵਾਲੀ ਗੱਲ ਏ ਕਿ ਮਹਿੰਗਾਈ ਦੀ ਮਾਰ ਵੀ ਹਮੇਸ਼ਾਂ ਗਰੀਬ 'ਤੇ ਹੀ ਪੈਂਦੀ ਏ।

ਦੇਬਾ : ਜੋਗਿਆ, ਇੰਝ ਕਰ ਤੂੰ ਚਾਚੇ ਸੱਜਣ ਸਿੰਘ ਨੂੰ ਆਪਣੇ ਨਾਲ ਸ਼ਹਿਰ ਲੈ ਜਾ।

ਜਸਬੀਰ : ਆਹੋ ਬੁੱਢੇ ਵਾਰੇ ਇਹ ਵੀ ਚੰਡੀਗੜ੍ਹ ਦੀਆਂ ਸੈਰਾਂ ਕਰ ਲਵੇਗਾ।

ਜੋਗਾ : ਚੰਡੀਗੜ੍ਹ ਵਿਚ ਇਹਦੇ ਲਈ ਕੀ ਪਿਆ ਏ ? ਉਥੇ ਇਹ ਗਵਾਚੀ ਗਾਂ ਵਾਂਗ ਊਂਈ ਗਵਾਚ ਜਾਏ।

ਜਸਬੀਰ : ਤੂੰ ਕਹਿੰਨਾ ਏਂ ਉਥੇ ਕੀ ਪਿਆ ਏ ? ਤੇਰਾ ਬਾਈ ਤਾਂ ਕਹਿੰਦਾ ਏ ਕਿ ਉਥੇ ਸਵਰਗ ਏ।ਅਖੇ ਜੋਗਾ ਸਵਰਗਾਂ ਵਿਚ ਰਹਿੰਦਾ ਏ।ਬੱਝੀ ਤਨਖਾਹ ਹੋਵੇ, ਨਾ ਖਾਣ ਦੀ ਥੁੜ, ਨਾ ਪਾਉਣ ਦੀ ਥੁੜ, ਸਭ ਕੁਝ ਬਣਿਆ ਬਣਾਇਆ ਮਿਲ ਜਾਂਦਾ ਏ।

ਜੋਗਾ : ਭਾਬੀ, ਚਾਚੇ ਨੂੰ ਪਿਛੋਂ ਲਿਜਾਵਾਂਗਾ, ਪਹਿਲੇ ਇਕ ਵਾਰ ਤੂੰ ਚਲੀ

ਚੱਲ।

ਦੇਬਾ : ਆਹੋ ਇਕ ਵਾਰ 17 ਸੈਕਟਰ ਘੁੰਮ ਆ, ਫੇਰ ਤੂੰ ਨਹੀਂ ਪਿੰਡ ਰਹਿਣ ਜੋਗੀ।

ਜੋਗਾ : ਭਾਬੀ, ਬਾਈ ਤਾਂ ਇਕ ਵਾਰ ਹੀ ਗਿਆ, ਇਹਦੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ, ਜਿਥੇ ਖਲੋਵੇ ਬਸ ਖਲੋਤਾ ਹੀ ਰਹਿ ਜਾਏ।

ਜਸਬੀਰ : ਮੈਂ ਵੀ ਆਖਾਂ, ਜਦੋਂ ਦਾ ਚੰਡੀਗੜ੍ਹ ਹੋ ਆਇਆ ਏ ਇਹਦੇ ਤੌਂ+ ਤਰੀਕੇ ਹੀ ਬਦਲੇ ਹੋਏ ਨੇ। ਕਦੇ ਕਹਿੰਦਾ ਏ ਵਾਲ ਚੰਗੀ ਤਰ੍ਹਾਂ ਨਹੀਂ ਵਾਹੁੰਦੀ। ਐਵੇਂ ਗੁੱਤੜੀ ਜਿਹੀ ਲਮਕਾ ਦੇਨੀ ਏ, ਕਦੀ ਕਹਿੰਦਾ ਏ ਪਿੰਡ ਦੇ ਸਾਰੇ ਦਰਜ਼ੀ ਨਿਕੰਮੇ ਆ, ਇਹਨਾਂ ਨੂੰ ਇਕ ਵਾਰੀ ਚੰਡੀਗੜ੍ਹ ਹੋ ਕੇ ਆਉਣਾ ਚਾਹੀਦਾ ਏ। ਪਤਾ ਲੱਗੇ ਤੀਵੀਆਂ ਦੇ ਕੱਪੜੇ ਕਿਵੇਂ ਸੀਤੇ ਜਾਂਦੇ ਨੇ। ਸੂਰਤ ਭਾਵੇਂ ਹੋਵੇ ਜਾਂ ਨਾ ਹੋਵੇ ਕੱਪੜਿਆਂ ਨਾਲ ਹੀ ਆਦਮੀਆਂ ਦਾ ਸੱਤ ਭੰਗ ਕਰ ਦੇਂਦੀਆਂ ਨੇ।

ਦੇਬਾ : ਨਾ ਜੇ ਤੁਸੀਂ ਕੋਈ ਚੱਜ ਦਾ ਕੱਪੜਾ ਪਾ ਲਵੋ, ਤਾਂ ਕੋਈ ਹਰਜ ਆ ? ਹਰ ਵੇਲੇ ਬਸ ਢੱਕੀਆਂ ਢੱਕੀਆਂ ਹੀ ਰਹਿੰਦੀਆਂ ਹੋ। ਜਿਵੇਂ ਸਾਰੀ ਦੁਨੀਆ ਦੀ ਸ਼ਰਮ ਹਯਾ ਤੁਹਾਡੇ ਹਿੱਸੇ ਹੀ ਆਈ ਹੋਈ ਏ।

ਜਸਬੀਰ : ਆਹੋ ਤੁਹਾਨੂੰ ਮਰਦਾਂ ਨੂੰ ਬੇਸ਼ਰਮੀ ਹੀ ਚੰਗੀ ਲਗਦੀ ਏ। ਜੇ ਏਡਾ ਹੀ ਸ਼ੌਕ ਏ ਤਾਂ ਤੂੰ ਵੀ ਸਿੰਘਾ ਪੁਰੀਏ ਦੇ ਘਰ ਹੋ ਆਇਆ ਕਰ।

ਜੋਗਾ : ਕਿਹੜੇ ਸਿੰਘਾ ਪੁਰੀਏ ? ਉੱਚੀ ਪੱਤੀ ਵਾਲੇ ?

ਜਸਬੀਰ : ਆਹੋ ਉਹੋ ਹੀ, ਉਹਨਾਂ ਦਾ ਮੁੰਡਾ ਏ ਨਾ ਮਨਜੀਤ।

ਜੋਗਾ : ਆਹੋ।

ਜਸਬੀਰ : ਉਹਨੇ ਵਪਾਰ ਖੋਲਿਆ ਏ ਨੰਗੀਆਂ ਫਿਲਮਾਂ ਵਿਖਾਉਣ ਦਾ। ਘਰ ਹੀ ਉਹਨੇ ਰੱਖਿਆ ਹੋਇਆ ਏ ਵੀਡਿਓ ਵਾਲਾ ਟੀ.ਵੀ. ਪਿੰਡ ਦੇ ਬਹੁਤੇ ਮੁੰਡੇ ਜਾਂਦੇ ਨੇ, ਦੋ ਰੁਪਏ ਟਿਕਟ ਰੱਖੀ ਏ।

ਜੋਗਾ : ਉਹਨਾਂ ਫ਼ਿਲਮਾਂ ਵਿਚ ਕੀ ਏ ?

ਜਸਬੀਰ : ਇਹ ਆਪਣੇ ਬਾਈ ਕੋਲੋਂ ਪੁੱਛ।

ਦੇਬਾ : ਮੈਨੂੰ ਕੀ ਪੁੱਛੇ ? ਮੈਂ ਕਿਹੜਾ ਵੇਖਣ ਜਾਂਦਾ ਹਾਂ ?

ਜਸਬੀਰ : ਚੱਲ ਝੂਠ ਕਿਉਂ ਕਹਿਨਾ ਏਂ ? ਮੈਥੋਂ ਭੁੱਲਿਆ ਨਹੀਂ ਤੇ ਤੂੰ ਅਨੋਖਾ ਨਹੀਂ, ਪਿੰਡ ਦੇ ਬਹੁਤੇ ਮੁੰਡੇ ਜਾਂਦੇ ਨੇ (ਜੋਗੇ ਨੂੰ ਸੰਬੋਧਨ) ਤੇ ਜੋਗਿਆ ਪਹਿਲਾਂ ਮੁੰਡੇ ਜਾਂਦੇ ਸਨ ਤੇ ਹੁਣ ਇਹ ਬਿਮਾਰੀ ਅੱਧ ਖੜਿਆਂ ਨੂੰ ਵੀ ਲੱਗ ਗਈ ਏ, ਤੇ ਛੱੜਿਆਂ ਨੂੰ ਤਾਂ ਉਈਂ ਮੌਜ ਲੱਗ ਗਈ ਏ।

ਜੋਗਾ : ਭਾਬੀ ਤੈਨੂੰ ਸਾਰਾ ਇਹ ਕੁਝ ਕਿਵੇਂ ਪਤਾ ਲੱਗਾ ?

ਜਸਬੀਰ : ਤੀਵੀਆਂ ਆਪਸ ਵਿਚ ਬੈਠਦੀਆਂ ਨੇ ਤੇ ਗੱਲਾਂ ਕਰਦੀਆਂ ਨੇ।

ਦੇਬਾ : ਤੇ ਤੇਰੀ ਭਾਬੀ ਤੀਵੀਆਂ ਦੀ ਜਥੇਦਾਰਨੀ ਲੱਗੀ ਹੋਈ ਏ।

ਜਸਬੀਰ : ਤੇ ਤੁਹਾਡੇ ਮਰਦਾਂ ਦਾ ਕੀ ਖਿਆਲ ਏ, ਸਾਨੂੰ ਤੀਵੀਆਂ ਨੂੰ ਪਤਾ ਨਹੀਂ ਲੱਗਦਾ ਕਿ ਪਿੰਡ ਵਿਚ ਕਿਹੜਾ ਕਿਹੜਾ ਕੰਜਰਖਾਨਾ ਖੁੱਲਿਆ ਏ।

ਦੇਬਾ : ਬਸ ਤੁਹਾਨੂੰ ਤੀਵੀਆਂ ਨੂੰ ਹਮੇਸਾਂ ਸ਼ੱਕ ਹੀ ਰਹਿੰਦਾ ਏ। ਮੈਂ ਤਾਂ ਐਵੇਂ ਗੱਲ ਕੀਤੀ ਸੀ ਕਿ ਜੇ ਚੱਜ ਦਾ ਕੱਪੜਾ ਪਾ ਲਵੇ ਕੋਈ ਹਰਜ ਤਾਂ ਨਹੀਂ, ਪਰ ਤੂੰ ਤਾਂ ਸਾਰਾ ਚਿੱਠਾ ਖੋਲ੍ਹਣ ਲੱਗ ਪਈ (ਜੋਗੇ ਨੂੰ) ਜੋਗਿਆ ਤੂੰ ਆਪਣੀ ਭਾਬੀ ਨੂੰ ਇਕ ਵਾਰੀ ਲੈ ਜਾ ਚੰਡੀਗੜ੍ਹ, ਤਾਂ ਜੋ ਇਹਦੀਆਂ ਅੱਖਾਂ ਵੀ ਖੁਲ੍ਹ ਜਾਣ।

ਜੋਗਾ : ਤੇ ਚਾਚਾ ?

ਦੇਬਾ : ਉਹਦਾ ਬੰਦੋਬਸਤ ਵੀ ਹੋ ਜਾਏਗਾ।

*(ਮੁਨਸ਼ੀ ਦਾ ਦਾਖ਼ਲਾ)*

ਮੁਨਸ਼ੀ : ਜੋਗਿਆ ਭਤੀਜਿਆ, ਤੂੰ ਇਥੇ ਬੈਠਾ ਏਂ, ਮੈਂ ਤੈਨੂੰ ਬੰਬੀ 'ਤੇ ਉਡੀਕਦਾ ਰਿਹਾ।

ਜਸਬੀਰ : ਆ ਗਿਆ ਏ ਭਤੀਜੇ ਦਾ ਚਾਚਾ।

ਜੋਗਾ : ਚਾਚਾ ਉਡੀਕਦਾ ਕਿਉਂ ਰਿਹਾ ?

ਮੁਨਸ਼ੀ : ਤੇਰੀ ਭਾਬੀ ਨੇ ਅੱਜ ਮੱਖਣੀ ਨਾਲ ਚੋਪੜੀਆਂ ਭੇਜੀਆਂ ਸਨ, ਮੈਂ ਵੀ ਕਿਹਾ ਤੂੰ ਵੀ ਵੇਖ ਲਵੇਂ ਕਿ ਬੁੜ੍ਹੇ ਦੀ ਕਿਹੋ ਜਿਹੀ ਸੇਵਾ ਹੁੰਦੀ ਏ।

ਜਸਬੀਰ : ਮੈਂ ਠੇਕਾ ਨਹੀਂ ਲਿਆ ਹੋਇਆ, ਹਰ ਇਕ ਐਰੇ ਗੈਰੇ ਦਾ।

ਮੁਨਸ਼ੀ : ਮੈਂ ਐਰਾ ਗੈਰਾ ਨਹੀਂ, ਤੇ ਸੁਣ ਲੈ ਗੁਲਾਬ ਕੌਰ ਦੀ ਨੂੰਹੇ ਮੈਨੂੰ ਚੰਗੀ ਰੋਟੀ ਨਾ ਮਿਲੀ, ਮੈਂ ਤੇਰੀ ਸਾਰੇ ਪਿੰਡ ਭੰਡੀ ਕਰਾਂਗਾ।

ਜਸਬੀਰ : ਵੇਖ ਲੈ ਜੋਗਿਆ ਰੁਅਬ ਕਿਸ ਤਰ੍ਹਾਂ ਪਾਉਂਦਾ ਏ, ਜਿਸ ਤਰ੍ਹਾਂ ਘਰ ਦਾ ਮਾਲਕ ਹੋਵੇ।

ਮੁਨਸ਼ੀ : ਮਾਲਕ ਨਹੀਂ ਤਾਂ ਨੌਕਰ ਵੀ ਨਹੀਂ। ਇਸ ਘਰ ਨਾਲ ਮੇਰੀ ਪੰਜਾਹ ਸਾਲ ਦੀ ਸਾਂਝ ਏ ਪਾਕਿਸਤਾਨ ਬਣਨ ਤੋਂ ਪਹਿਲਾਂ ਦੀ। ਹੋਰਾਂ ਵਾਂਗ ਮੈਂ ਵੀ ਚਲਿਆ ਜਾਂਦਾ ਪਰ ਦੇਬੇ ਦੇ ਬਾਪੂ ਤੇ ਬੀਬੀ ਨੇ ਨਹੀਂ ਸੀ ਜਾਣ ਦਿੱਤਾ ਤੇ ਗੁਲਾਬ ਕੌਰ ਦੀ ਨੂੰਹੇ, ਤੂੰ ਵੀ ਜਾਣ ਲੈ ਜੋ ਸਾਰਾ ਪਿੰਡ ਜਾਣਦਾ ਏ, ਇਸ ਘਰ ਨਾਲ, ਇਸ ਮਿੱਟੀ ਨਾਲ ਮੇਰਾ ਰਿਸ਼ਤਾ ਏ ਇਸ ਰਿਸ਼ਤੇ ਨੇ ਹੀ ਮੈਨੂੰ ਮੁਨਸ਼ੀਖਾਨ ਤੋਂ ਸੱਜਣ ਸਿੰਘ ਬਣਾਇਆ,

ਬਾਕਾਇਦਾ ਅੰਮ੍ਰਿਤ ਛੱਕਿਆ ਤੇ ਹੁਣ ਤੱਕ ਅੰਮ੍ਰਿਤ ਦੀ ਮਰਿਯਾਦਾ ਸਾਂਭਕੇ ਰੱਖੀ ਹੋਈ ਏ।

ਜਸਬੀਰ : ਤੇ ਸਾਡੇ 'ਤੇ ਕੋਈ ਅਹਿਸਾਨ ਨਹੀਂ ਕੀਤਾ।

ਮੁਨਸ਼ੀ : ਹਸਾਨ ਕੋਈ ਨਹੀਂ, ਪਰ ਇਸ ਘਰ 'ਤੇ ਮੇਰਾ ਦਾਅਵਾ ਏ, ਮੇਰਾ ਹੱਕ ਏ।

ਜਸਬੀਰ : ਤੂੰ ਹੱਕਾਂ ਵਾਲਾ ਕਦੋਂ ਦਾ ਹੋ ਗਿਆ ਏਂ ?

ਮੁਨਸ਼ੀ : ਇਹ ਆਪਣੇ ਦਿਉਰ ਸ: ਜੋਗਾ ਸਿੰਘ ਕੋਲੋਂ ਪੁੱਛ। ਜਿਹਨੇ ਮੈਨੂੰ ਸਾਰੀ ਗੱਲ ਸਮਝਾਈ ਏ।

ਜਸਬੀਰ : ਕੀ ਸਮਝਾਈ ਏ ? ਮੈਨੂੰ ਵੀ ਪਤਾ ਲੱਗੇ।

ਮੁਨਸ਼ੀ : ਕਿ ਧਰਤੀ 'ਤੇ ਜੋ ਕੁਝ ਖੜਾ ਏ, ਮੇਹਨਤ ਕਰਨ ਵਾਲਿਆਂ ਦੇ ਹੱਥਾਂ ਦੀ ਕਮਾਈ ਸਦਕੇ ਖੜਾ ਏ, ਭਾਵੇਂ ਉਹ ਤੇਰਾ ਇਹ ਪੱਕਾ ਕੋਠਾ ਏ ਭਾਵੇਂ ਜੋਗੇ ਵਾਲਾ ਚੰਦੀਗੜ੍ਹ ਏ (ਜੋਗੇ ਨੂੰ) ਕਿਉਂ ਜੋਗਿਆ ਮੈਂ ਠੀਕ ਕਿਹਾ ਏ ਨਾ ? ਜੇ ਗਲਤ ਕਿਹਾ ਏ ਤਾਂ ਹੁਣੇ ਕਹਿ ਦੇਈਂ (ਜਸਬੀਰ ਨੂੰ) ਤੇ ਸੁਣ ਗੁਲਾਬ ਕੌਰ ਦੀ ਨੂੰਹੇ, ਅੱਜ ਤੋਂ ਤੈਨੂੰ ਮੇਰੇ ਨਾਲ ਉਹੋ ਸਲੂਕ ਕਰਨਾ ਹੋਵੇਗਾ ਜੋ ਗੁਲਾਬ ਕੌਰ ਮੇਰੇ ਨਾਲ ਕਰਦੀ ਸੀ।

ਜਸਬੀਰ : ਇਹ ਤੁਸੀਂ ਦੋਵੇਂ ਭਰਾ ਖੜੇ ਖੜੇ ਕੀ ਵੇਖਦੇ ਹੋ ? ਕੀ ਪਏ ਸੁਣਦੇ ਹੋ?

ਮੁਨਸ਼ੀ : ਇਹ ਉਹੀ ਸੁਣਦੇ ਪਏ ਨੇ, ਜੋ ਸਰਦਾਰ ਜੋਗਾ ਸਿੰਘ, ਸਪੁੱਤਰ ਹਰਦਿਆਲ ਸਿੰਘ ਤੇ ਗੁਲਾਬ ਕੌਰ ਨੇ ਮੁਨਸ਼ੀ ਉਰਫ ਸੱਜਣ ਸਿੰਘ ਨੂੰ ਸੱਬਕ ਪੜ੍ਹਾਇਆ ਹੈ।

ਜਸਬੀਰ : ਤੇ ਜੋਗਿਆ ਇਹ ਸਭ ਤੇਰੀ ਸ਼ਰਾਰਤ ਏ ?

ਜੋਗਾ : ਹਾਂ ਸ਼ਰਾਰਤ ਮੇਰੀਏ, ਪਰ ਜ਼ਬਾਨ ਚਾਚੇ ਦੀ ਏ।

ਜਸਬੀਰ : ਅੱਛਾ ਪਹਿਲੇ ਇਹਨੂੰ ਤਾਂ ਪੁੱਛਾਂ ਵੱਡੇ ਰਾਜੇ ਪੋਰਸ ਨੂੰ ਕਿ ਇਹਦੇ ਨਾਲ ਉਹੀ ਸਲੂਕ ਹੋਏ ਜਿਹੜਾ ਰਾਜਿਆਂ ਨਾਲ ਹੁੰਦਾ ਏ।

ਮੁਨਸ਼ੀ : (ਪਿੱਛੇ ਹੱਟਦਾ ਹੋਇਆ) ਪੁੱਛ ਬੇਸ਼ੱਕ ਲੈ, ਪਰ ਅੱਜ ਤੋਂ ਮੁਨਸ਼ੀ ਖਾਂ ਉਰਫ ਸੱਜਣ ਸਿੰਘ ਇਹੋ ਬੋਲੀ ਬੋਲੇਗਾ ਤੇ ਕੁੱਤਿਆਂ ਵਾਂਗ ਅੱਗੇ ਸੁੱਟੀ ਹੋਈ ਰੋਟੀ ਨਹੀਂ ਖਾਏਗਾ।

*(ਜਾਂਦਾ ਹੈ।)*

ਜਸਬੀਰ : (ਦੇਬੇ ਨੂੰ) ਵੇਖਿਆ ਜੇ ਸਭ ਕੁਝ ?

ਦੇਬਾ : ਵੇਖਿਆ ਏ, ਤੇ ਸਵਾਦ ਆਇਆ।

ਜਸਬੀਰ : ਸਵਾਦ ?

ਦੇਬਾ : ਆਹੋ ਨਿੱਕੇ ਹੁੰਦਿਆਂ ਦੀ ਯਾਦ ਆ ਗਈ– ਚਾਚਾ ਇੰਝ ਹੀ ਡਰਾਮੇ ਕਰਦਾ ਹੁੰਦਾ ਸੀ।

ਜਸਬੀਰ : ਮੇਰੀ ਬੇਇਜ਼ਤੀ ਕਰ ਗਿਆ, ਤੇ ਤੁਹਾਨੂੰ ਸਵਾਦ ਆਇਆ।

ਜੋਗਾ : ਇਹਦੇ ਲਈ ਭਾਬੀ ਦਾ ਦਿਉਰ ਮਾਫੀ ਮੰਗਦਾ ਏ।

ਦੇਬਾ : ਪਰ ਜਸਬੀਰ, ਗੱਲ ਤਾਂ ਚਾਚਾ ਸੱਚੀ ਆਖ ਗਿਆ ਏ, ਤੂੰ ਉਹਨੂੰ ਚੰਗੀ ਤਰ੍ਹਾਂ ਰੋਟੀ ਦਿਆ ਕਰ।

ਜਸਬੀਰ : ਦਿਆ ਕਰਾਂਗੀ, ਪਰ ਇਏ ਦੱਸੋ ਉਹ ਸਾਡਾ ਸਵਾਰਦਾ ਕੀ ਏ ?

ਦੇਬਾ : ਉਹਨੇ ਹੁਣ ਤੱਕ ਸਾਡਾ ਜੋ ਸਵਾਰਿਆ ਏ, ਉਹੀ ਉਹਨੂੰ ਇਸ ਗੱਲ ਦਾ ਹੱਕਦਾਰ ਬਣਾਉਂਦਾ ਏ ਕਿ ਉਹਨੂੰ ਸਹੀ ਢੰਗ ਨਾਲ ਰੋਟੀ ਮਿਲੇ। ਸਰਕਾਰ ਆਪਣੇ ਕਰਮਚਾਰੀਆਂ ਨੂੰ ਪੈਨਸ਼ਨ ਦੇਂਦੀ ਏ। ਇਸ ਲਈ ਨਹੀਂ ਕਿ ਉਹ ਹੁਣ ਕੁਝ ਸੰਵਾਰ ਰਹੇ ਨੇ, ਸਗੋਂ ਇਸ ਲਈ ਕਿ ਉਹਨਾਂ ਨੇ ਪਹਿਲੇ ਸੰਵਾਰਿਆ ਹੋਇਆ ਏ।

ਜਸਬੀਰ : ਆਹੋ ਜੋ ਉਹਨਾਂ ਨੇ ਸੰਵਾਰਿਆ ਹੋਇਆ ਏ, ਉਹ ਕਿਸੇ ਕੋਲੋਂ ਭੁੱਲਿਆ ਨਹੀਂ। ਸਰਕਾਰ ਨੇ ਕਿਹੜਾ ਕੋਲੋਂ ਦੇਣਾ ਏ, ਇਕ ਪਾਸੇ ਲੋਕਾਂ ਦੀ ਛਿੱਲ ਲਾਹੁਣੀ ਏ ਤੇ ਦੂਜੇ ਪਾਸੇ ਵੰਡ ਦੇਣੀ ਏ। ਜੋਗਿਆ ਹੱਥ ਮੂੰਹ ਧੋ ਲੈ ਤੇ ਰੋਟੀ ਸਾਰੇ ਕੱਠੇ ਖਾ ਲਵੋ। ਬੁਲਾ ਲੈ ਆਪਣੇ ਚਾਚੇ ਨੂੰ ਕੁਝ ਨਹੀਂ ਆਖਦੀ ਉਹਨੂੰ ਭਤੀਜੇ ਚਾਚੇ ਖੁਣੋਂ ਓਦਰੇ ਹੋਏ ਨੇ :

*(ਜਾਂਦੀ ਹੈ। ਮੁਨਸ਼ੀ ਦੂਸਰੇ ਪਾਸੇ ਤੋਂ ਇਸ਼ਾਰਾ ਕਰਦਾ ਹੈ। ਉਹਨੇ ਬੋਤਲ ਪਕੜੀ ਹੋਈ ਹੈ।)*

ਆਵਾਜ਼ : ਰੰਗ ਲਾ ਲੈ ਭੋਲੇ ਬੰਦਿਆ ਮੁਸਾਫਰੀ ਦੇ ਦਿਨ ਦੀ।

*(ਸਾਰੇ ਬਾਹਰ ਜਾਂਦੇ ਹਨ।)*

## ਸੀਨ ਤੀਸਰਾ

*(ਮੁਨਸ਼ੀ ਹੱਸੀ ਜਾਂਦਾ ਹੈ, ਉਹਨੂੰ ਉਥੂ ਜਿਹਾ ਆ ਜਾਂਦਾ ਹੈ। ਜੋਗਾ ਉਸਨੂੰ ਸੰਭਾਲਦਾ ਹੈ।)*

ਜੋਗਾ : ਚਾਚਾ, ਸੰਭਲਕੇ...

ਮੁਨਸ਼ੀ : ਨਹੀਂ ਜੋਗਿਆ, ਅੱਜ ਹੱਸ ਲੈਣ ਦੇ, ਮੈਨੂੰ ਪਤਾ ਏ ਕਿ ਇਹ ਹੱਸਣਾ ਹੁਣ ਬਹੁਤੀ ਦੇਰ ਨਹੀਂ ਮਿਲਣਾ। ਤੇਰੀ ਭਾਬੀ ਨਾਲ ਕੀਤਾ ਡਰਾਮਾ ਹੁਣ ਨਿਤ ਨਹੀਂ ਚੱਲਣਾ।

ਜੋਗਾ : ਕਿਹੋ ਜਿਹੀਆਂ ਗੱਲਾਂ ਕਰਦਾ ਏ ਚਾਚਾ ?

ਮੁਨਸ਼ੀ : ਠੀਕ ਹੀ ਕਹਿੰਦਾ ਹਾਂ, ਰਾਤ ਖੰਘ ਦਾ ਬੜਾ ਹੀ ਦੌਰਾ ਪਿਆ, ਨੀਂਦ ਹੀ ਨਾ ਪਵੇ, ਥੋੜੀ ਜਿਹੀ ਅੱਖ ਲੱਗੀ ਤਾਂ ਗਿਆਨੀ ਹਜ਼ੂਰਾ ਸਿੰਘ ਕ੍ਰਿਪਾਨ ਚੁੱਕੀ ਸਾਹਮਣੇ ਦਿਸ ਪਿਆ।

ਜੋਗਾ : ਗਿਆਨੀ ਹਜ਼ਾਰਾ ਸਿੰਘ ਕਿਥੋਂ ਆ ਗਿਆ ਤੇਰੇ ਸੁਪਨੇ ਵਿਚ ?

ਮੁਨਸ਼ੀ : ਮੈਂ ਆਪ ਹਰਿਆਨ, ਫੇਰ ਖਿਆਲ ਆਇਆ ਕਿ ਕੱਲ੍ਹ ਸੂਬੇਦਾਰ ਨਾਲ ਜੋ ਗੱਲਾਂ ਹੋਈਆਂ, ਉਹਦੇ ਕਰਕੇ ਹੀ ਹਜ਼ਾਰਾ ਸਿੰਘ ਸੁਪਨੇ ਵਿਚ ਆਇਆ ਏ ਤੇ ਜੋਗਿਆ ਇਹ ਗਿਆਨੀ ਹਜ਼ਾਰਾ ਸਿੰਘ ਹੀ ਸੀ, ਜਿੰਨੇ ਕ੍ਰਿਪਾਨ ਨਾਲ ਚੌਦਾਂ ਬੱਚੇ ਵੱਢੇ ਸਨ ਤੇ ਪੁੰਨ ਖੱਟਿਆ ਸੀ।

ਜੋਗਾ : ਚੌਦਾਂ, ਬੱਚੇ ਤੇ ਪੁੰਨ ਖੱਟਿਆ ? ਮੈਨੂੰ ਵੀ ਦਸ।

ਮੁਨਸ਼ੀ : ਚੱਲ ਜੋਗਿਆ ਕੀ ਸੁਣ ਕੇ ਲੈਣਾ ਏ, ਮਾੜੀਆਂ ਗੱਲਾਂ। ਬੰਦਾ ਜਦੋਂ ਜਨੂੰਨ ਵਿਚ ਅੰਨ੍ਹਾ ਹੋਵੇ ਤਾਂ ਮਾੜੀਆਂ ਗੱਲਾਂ ਹੀ ਹੁੰਦੀਆਂ ਨੇ, ਇਹ ਗੱਲ 47 ਦੀ ਏ, ਬੜੇ ਭਿਆਨਕ ਦਿਨ ਸਨ ਪੰਜਾਬ ਵਾਸਤੇ।

ਜੋਗਾ : ਪੰਜਾਬ ਵਾਸਤੇ ਤਾਂ ਇਹ ਭਿਆਨਕ ਹੀ ਰਹਿੰਦੇ ਨੇ ਸਦਾ, ਅੱਜ ਕਿਹੜਾ ਕੁਝ ਠੀਕ ਨੇ ?

ਮੁਨਸ਼ੀ : ਪਰ ਉਹ ਤਾਂ ਬਾਹਲੇ ਹੀ ਭੈੜੇ ਸਨ। ਹੁਣ ਤਾਂ ਇਹ ਮਹਿਰਾਜ ਵੱਲ ਜਾਂਦੀ ਸੜਕ ਪੱਕੀ ਬਣ ਗਈ ਏ ਨਾ– ਉਸ ਵੇਲੇ ਕੱਚੀ ਹੁੰਦੀ ਸੀ ਤੇ ਉਸ ਵੇਲੇ ਫਿਰਨੀ ਕੋਈ ਨਹੀਂ ਸੀ, ਇਹ ਸੜਕ ਸਾਡੇ ਪਿੰਡ ਵਿਚੋਂ ਦੀ ਲੰਘਦੀ ਸੀ।

ਜੋਗਾ : ਪੱਕੀ ਤਾਂ ਚਾਚਾ ਕਹਿੰਦੇ ਨੇ ਗਿੱਲ ਸਾਹਿਬ ਵੇਲੇ ਬਣੀ ਸੀ ਇਕ ਗੱਲ ਹੋਰ, ਹੁਣ ਤਾਂ ਇਹ ਕੱਚੀ ਨਾਲੋਂ ਵੀ ਮਾੜੀ ਏ, ਥਾਂ ਥਾਂ ਟੋਏ।

ਮੁਨਸ਼ੀ : ਪਰ ਉਸ ਵੇਲੇ ਇਹ ਬਿਲਕੁਲ ਕੱਚੀ ਹੁੰਦੀ ਸੀ। ਪਿੰਡ ਵਿਚੋਂ ਇਸ ਲੰਘਦੀ ਸੜਕ ਉੱਤੋਂ ਦੀ ਇਕ ਪੰਦਰਾਂ ਵੀਹ ਮੀਲ ਲੰਮਾ ਕਾਫਲਾ ਲੰਘਿਆ। ਲੁਟੇਰੇ ਤੇ ਧਾੜਵੀ ਕਾਫਲੇ ਦੇ ਪਿੱਛੇ ਥੋੜੇ ਕੁ ਬੰਦਿਆਂ ਨੂੰ ਵੱਖ ਕਰ ਲੈਂਦੇ। ਲੁੱਟਮਾਰ ਕਰਦੇ, ਮਰਦਾਂ ਤੇ ਬੁੱਢੀਆਂ ਔਰਤਾਂ ਨੂੰ ਮਾਰ ਦੇਂਦੇ। ਜਵਾਨ ਤੀਵੀਆਂ ਨੂੰ ਉਧਲਾ ਕੇ ਲੈ ਜਾਂਦੇ। ਫੇਰ ਹੋਰ ਧਾੜਵੀ ਆ ਜਾਂਦੇ। ਇਹ ਸਿਲਸਿਲਾ ਚਲਦਾ ਰਿਹਾ। ਪਿਛੋਂ ਕਾਫਲਾ ਵੱਢਿਆ ਜਾ ਰਿਹਾ ਸੀ ਅਗੇ ਤੁਰ ਰਿਹਾ ਸੀ। ਸੜਕਾਂ ਲਾਸ਼ਾਂ ਨਾਲ ਭਰ ਗਈਆਂ। ਬਿਮਾਰੀ ਫੈਲਣ ਦੇ ਡਰ ਤੋਂ ਅਗਲੇ ਦਿਨ ਲਾਸ਼ਾਂ ਸਮੇਟਨ ਲੱਗੇ, ਤਾਂ ਪਿੰਡ ਦੀ ਜੂਹ ਵਿਚ ਚੌਦਾਂ ਦੁੱਧ ਪੀਂਦੇ ਬੱਚੇ ਜਿਉਂਦੇ ਲੱਭੇ। ਪਿੰਡ ਵਾਲੇ ਉਹਨਾਂ ਨੂੰ ਧਰਮਸ਼ਾਲਾ ਲੈ ਆਏ। ਹੁਣ ਚਿੰਤਾ ਬਣੀ ਕਿ ਇਹਨਾਂ ਬੱਚਿਆਂ ਦਾ ਕੀ ਕੀਤਾ

ਜਾਏ ? ਕੋਈ ਆਖੇ ਮਾਂ ਮਹੱਤੜ ਰੁੱਲ ਜਾਣਗੇ, ਕੋਈ ਆਖੇ ਯਤੀਮਾਂ ਵਾਂਗ ਪਲ ਜਾਣਗੇ, ਕੋਈ ਆਖੇ ਬੰਦੇ ਦਾ ਬੱਚਾ ਪਾਲਣਾ ਕੋਈ ਖੇਲ ਨਹੀਂ, ਪਰ ਕਿਥੇ ਜਾਣਗੇ ? ਕੋਈ ਕਹੇ ਪਾਕਿਸਤਾਨ ਦੀ ਹੱਦ 'ਤੇ ਛੱਡ ਆਈਏ ਪਰ ਛੱਡਕੇ ਕੌਣ ਆਏ, ਖਤਰਨਾਕ ਹਾਲਾਤ ਵਿਚ ਕੋਈ ਜਾਨ ਖਤਰੇ ਵਿਚ ਪਾਉਣ ਲਈ ਤਿਆਰ ਨਹੀਂ ਸੀ। ਗਿਆਨੀ ਹਜ਼ਾਰਾ ਸਿੰਘ ਕਹਿਣਾ ਲੱਗਾ, ਪਰੇ ਮੁਕਤੀ ਕਰੋ ਵਿਚਾਰਿਆਂ ਦੀ, ਪਾਕਿਸਤਾਨ ਵਿਚ ਕੌਣ ਇਹਨਾਂ ਲਈ ਪੂੜੇ ਲਈ ਬੈਠਾ ਏ ? ਇਨ੍ਹਾਂ ਛੋਟੇ ਦੁੱਧ ਪੀਂਦਿਆਂ ਬੱਚਿਆਂ ਨੂੰ ਮਾਰੇਗਾ ਕੌਣ ? ਕੋਈ ਨਹੀਂ ਮਾਰ ਸਕਦਾ। ਜੇ ਕੋਈ ਮਾਰ ਸਕਦਾ ਹੁੰਦਾ ਤਾਂ ਉਹ ਨਾ ਮਾਰ ਜਾਂਦੇ ਜਿਹੜੇ ਇਹਨਾਂ ਦੀਆਂ ਮਾਵਾਂ ਨੂੰ ਲੈ ਗਏ। ਇਸ ਖਿਆਲ ਨਾਲ ਲੋਕਾਂ ਦਾ ਦਿਲ ਦਹਿਲ ਗਿਆ, ਲਿਆਓ ਮੈਂ ਕਰਦਾ ਹਾਂ ਇਹ ਪੁੰਨ, ਇਨ੍ਹਾਂ ਦਾ ਕੀ ਏ ਇਕ ਇਕ ਟੱਕ ਦੀ ਮਾਰ ਨੇ ਵਿਚੋਂ। ਸਾਰੀ ਉਮਰ ਰੁੱਲਦੇ ਰਹਿਣਗੇ, ਮਾਂ ਮਹਿਤੜ-ਲੋਕਾਂ ਦੇ ਵੇਖਦਿਆਂ ਵੇਖਦਿਆਂ ਉਹ ਬੱਚਿਆਂ ਨੂੰ ਸੂਏ 'ਤੇ ਲੈ ਗਿਆ ਤੇ ਇਕ ਇਕ ਟੱਕ ਲਾਕੇ ਸੂਏ ਵਿਚ ਸੁੱਟ ਦਿੱਤੇ ਤੇ ਹਜ਼ਾਰਾ ਸਿੰਘ ਜਦੋਂ ਵੀ ਮੇਰੇ ਸਾਹਮਣੇ ਆਉਂਦਾ ਏ, ਉਹਦਾ ਉਹੀ ਰੂਪ ਮੈਨੂੰ ਦਿਸਦਾ ਏ।

ਜੋਗਾ : ਤੇ ਇਸੇ ਹਜ਼ਾਰ ਸਿੰਘ ਨੇ ਤੈਨੂੰ ਅੰਮ੍ਰਿਤ ਛਕਾਇਆ ਸੀ ?

ਮੁਨਸ਼ੀ : ਹਾਹੋ, ਪਰ ਇਹ ਕਾਫਲੇ ਵਾਲੀ ਗੱਲ ਮੇਰੇ ਅੰਮ੍ਰਿਤ ਛੱਕਣ ਤੋਂ ਬਾਅਦ ਦੀ ਹੈ, ਕਿੰਨੀਆਂ ਰਾਤਾਂ ਮੈਂ ਸੌਂ ਨਹੀਂ ਸਕਿਆ ਭਾਵੇਂ ਮੈਂ ਸਿੰਘ ਸੱਜ ਗਿਆ ਸਾਂ ਪਰ ਕਦੋਂ ਭੁੱਲਦਾ ਕਿ ਉਹ ਕਾਫਲੇ ਵਿਚ ਮਾਰੇ ਜਾਣ ਵਾਲੇ ਭਾਈ ਬੰਦ ਆਪਣੇ ਹੀ ਸਨ, ਉਹ ਬੱਚੇ ਵੀ ਆਪਣੇ ਸਨ ਪਰ ਆਖਦਾ ਕਿਸੇ ਨੂੰ ਕੀ ? ਪਾਕਿਸਤਾਨ ਤੋਂ ਆਏ ਹਿੰਦੂ ਸਿੱਖਾਂ ਨਾਲ ਵੀ ਤਾਂ ਇਹੀ ਵਰਤਾਰਾ ਚਲਿਆ ਸੀ।

ਜੋਗਾ : ਤਾਂਹੀਓ ਤਾਂ ਇਤਿਹਾਸ ਲਿਖਣ ਵਾਲਿਆਂ ਪੰਜਾਬ ਦੇ ਉਹ ਦਿਨ ਇਕ ਕਾਲੀ ਤਵਾਰੀਖ ਦੇ ਦਿਨ ਲਿਖੇ ਨੇ।

ਮੁਨਸ਼ੀ : ਜੇ ਸੱਚ ਪੁੱਛੇਂ ਜੋਗਿਆ, ਕਦੀ ਕਦੀ ਮੈਨੂੰ ਇਹ ਸਿੰਘਾਂ ਵਾਲਾ ਬਾਣਾ ਵੀ ਓਪਰਾ ਲੱਗਦਾ ਤੇ ਸੋਚਦਾ ਹਾਂ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਸਿੱਖ ਜੇਕਰ ਗਿਆਨੀ ਹਜ਼ਾਰਾਂ ਸਿੰਘ ਵਰਗੇ ਹੀ ਨੇ ਤੇ ਫਰਕ ਕਿਥੇ ? ਪਰ ਕਰ ਕੁਝ ਨਹੀਂ ਸਕਦਾ ਸਾਂ, ਕਹਿ ਕੁਝ ਨਹੀਂ ਸਕਦਾ ਸਾਂ, ਬਸ ਸਮਝ ਲੈ ਮਜ਼ਬੂਰੀ ਹੀ ਸੀ।

ਜੋਗਾ : ਚਾਚਾ ਤੂੰ ਇਹ ਕਿਉਂ ਸੋਚਿਆ ਕਿ ਬਾਣਾ ਬਦਲਣ ਨਾਲ ਜਾਂ

ਅੰਮ੍ਰਿਤ ਛੱਕਣ ਨਾਲ ਬੰਦਾ ਬਦਲ ਜਾਂਦਾ ਹੈ। ਚੰਗੇ ਮਨੁੱਖ ਚੰਗੇ ਹੁੰਦੇ ਤੇ ਭੈੜੇ ਭੈੜੇ। ਬਾਣਾ ਭਾਵੇਂ ਉਤੋਂ ਕੋਈ ਕਿਹੜਾ ਪਾ ਲਵੇ।

ਮੁਨਸ਼ੀ : ਮੈਂ ਮੁਨਸ਼ੀ ਖਾਂ ਤੋਂ ਸੱਜਣ ਸਿੰਘ ਬਣ ਗਿਆ, ਇਹ ਗਾਤਰਾ ਪਾ ਲਿਆ, ਮੈਂ ਗੁਰਦੁਆਰੇ ਜਾਂਦਾ, ਭਾਈ ਗਾਧਾ ਸਿੰਘ ਦੀ ਕਥਾ ਵੀ ਸੁਣਦਾ ਕਿ ਗੁਰੂ ਜੀ ਨੇ ਇਕ ਬਾਟੇ ਤੋਂ ਅੰਮ੍ਰਿਤ ਛਕਾਕੇ ਊਚ-ਨੀਚ ਦਾ ਫਰਕ ਮਿੱਟਾ ਦਿੱਤਾ ਪਰ ਸਮੇਂ ਨੇ ਦੱਸਿਆ ਜੋਗਿਆ ਕਿ ਇਹ ਸਭ ਕਹਿਣ ਦੀਆਂ ਗੱਲਾਂ ਨੇ ਕਿ ਬੰਦਾ ਅੰਮ੍ਰਿਤ ਛੱਕ ਲਏ ਤੇ ਫੇਰ ਊਚ ਨੀਚ ਦਾ ਫਰਕ ਮਿੱਟ ਜਾਂਦਾ ਏ, ਗੁਰਦੁਆਰੇ ਤੋਂ ਬਾਹਰ ਆਓ, ਉਹੋ ਊਚ ਨੀਚ।

ਜੋਗਾ : ਪਰ ਗੁਰੂ ਸਾਹਿਬ ਨੇ ਆਪਣੇ ਵੇਲੇ ਇਹ ਕਰਾਮਾਤ ਕਰ ਵਿਖਾਈ ਸੀ ਤੇ ਇਹ ਇਸੇ ਕਰਾਮਾਤ ਦਾ ਨਤੀਜਾ ਸੀ ਕਿ ਤੂੰ ਤੇ ਮੈਂ ਹਮੇਸ਼ਾਂ ਇਕੋ ਥਾਲੀ ਵਿਚ ਖਾਂਦੇ ਰਹੇ ਤੇ ਰਾਤ ਵੀ ਖਾਧੀ।

ਮੁਨਸ਼ੀ : ਰਾਤੀ ਤਾਂ ਜੋਗਿਆ, ਕਮਾਲਾਂ ਹੋ ਗਈਆਂ। ਭਾਬੀ ਗੁਲਾਬ ਕੌਰ ਦੇ ਜਾਣ ਤੋਂ ਬਾਅਦ ਕੱਲ ਫੇਰ ਲੱਗਿਆ ਕਿ ਇਹ ਘਰ ਆਪਣਾ ਘਰ ਏ, ਪਰ ਪਤਾ ਨਹੀਂ ਇਹ ਸਭ ਕੁਝ ਕਿੰਨੀ ਦੇਰ ਚਲੇ।

ਜੋਗਾ : ਚਲੇਗਾ ਚਾਚਾ, ਮੈਂ ਰਾਤ ਭਾਬੀ ਨਾਲ ਬੜੀਆਂ ਗੱਲਾਂ ਕੀਤੀਆਂ। ਬਾਈ ਨੇ ਵੀ ਆਪਣੇ ਬਚਪਨ ਦੀਆਂ ਯਾਦਾਂ ਸੁਣਾਈਆਂ, ਭਾਬੀ ਚੰਗੇ ਰੌ ਵਿਚ ਸੀ, ਕਹਿਣ ਲੱਗੀ ਜੇ ਤੁਹਾਡੇ ਭਰਾਵਾਂ ਦਾ ਆਪਣੇ ਚਾਚੇ ਨਾਲ ਏਨਾਂ ਮੋਹ ਏ, ਮੈਂ ਕਿਉਂ ਬੁਰੀ ਬਣਾ ? ਅੱਛਾ ਚਾਚਾ ਹੁਣ ਤੇ ਮੈਂ ਚਲਦਾ ਹਾਂ, ਦੀਵਾਲੀ ਤੇ ਫੇਰ ਆਵਾਂਗਾ। ਕੱਠੀਆਂ ਚਾਰ ਛੁੱਟੀਆਂ ਨੇ।

ਮੁਨਸ਼ੀ : ਜੋਗਿਆ ਜਲਦੀ ਜਲਦੀ ਆ ਜਾਇਆ ਕਰ। ਦਿਵਾਲੀ ਕਿੰਨੇ ਵੇਖਣੀ ਏਂ ? ਹੁਣ ਤਾਂ ਕਿਸੇ ਘੜੀ... ਪਰ ਜੋਗਿਆ ਇਕ ਗੱਲ ਤੇਰੇ ਨਾਲ ਪੱਕੀ ਕਰਨੀਏ, ਕੱਲ ਸੂਬੇਦਾਰ ਨੂੰ ਵੀ ਕਹੀ ਸੀ।

ਜੋਗਾ : ਉਹ ਕੀ ਚਾਚਾ ?

ਮੁਨਸ਼ੀ : ਮੈਨੂੰ ਫੂਕਿਓ ਨਾ, ਬਸ ਪਿਓ ਦਾਦੇ ਵਾਂਗ ਹੀ ਕਬਰ ਵਿਚ ਰੱਖ ਦੇਣਾ। ਮੇਰੀ ਰੂਹ ਨੂੰ ਤਸਕੀਨ ਮਿਲੇਗੀ। ਤੂੰ ਤੇ ਇਹ ਗੱਲ ਸਮਝਣਾ ਏ ਨਾ।

*(ਬੜਾ ਜਜ਼ਬਾਤੀ ਹੋ ਜਾਂਦਾ ਹੈ।)*

ਜੋਗਾ : ਚਾਚਾ ਸਮਝਦਾ ਹਾਂ। (ਅੱਖਾਂ ਪੂੰਝਦਾ ਹੋਇਆ) ਚਾਚਾ ਚਲਦਾ ਹਾਂ, ਬੱਸ ਨਿਕਲ ਗਈ ਤਾਂ ਸਮੇਂ ਸਿਰ ਨਹੀਂ ਪੁੱਜਿਆ ਜਾਣਾ।

*(ਜਾਂਦਾ ਹੈ।)*

ਮੁਨਸ਼ੀ : (ਜਜ਼ਬਾਤੀ ਰੌ ਵਿਚ ਹੀ) ਚਲਦੀ ਰਹੇਗੀ ਦੁਨੀਆਂ, ਬੰਦਿਆ ਤੇਰੀ

ਜਿੰਦ ਦੋ ਦਿਨ ਦੀ।

*(ਜਸਬੀਰ ਆਂਦੀ ਹੈ।)*

ਜਸਬੀਰ : ਸੱਜਣ ਚਾਚਾ, ਭਾਵੇਂ ਤੇਰੇ ਭਤੀਜੇ ਕਹਿੰਦੇ ਨੇ ਬਈ ਤੇਰੇ ਕੋਲੋਂ ਕੰਮ ਨਾ ਕਰਾਇਆ ਜਾਵੇ ਪਰ ਮੈਂ ਕੀ ਕਰਾਂ ਧਾਰ ਕੱਢਣ ਲੱਗੀ ਸੀ ਤੇ ਮੱਝ ਲੱਤ ਮਾਰ ਗਈ।

ਮੁਨਸ਼ੀ : ਤੂੰ ਕਿਉਂ ਧਾਰ ਕੱਢਣ ਲੱਗੀ ਸੀ, ਮੈਂ ਈ ਮਰ ਗਿਆ ਹਾਂ ?

*(ਜਾਂਦਾ ਹੈ ਪਰ ਗੀਤ ਦੇ ਬੋਲ ਪਿਛੋਕੜ ਤੋਂ ਸੁਣਦੇ ਰਹਿੰਦੇ ਹਨ।)*

## ਸੀਨ ਚੌਥਾ

(ਸੂਬੇਦਾਰ ਤੇ ਜੋਗਾ ਸਿੰਘ ਮੰਚ 'ਤੇ ਆਉਂਦੇ ਹਨ ਜੁੱਤੀਆਂ ਉਤਾਰ ਕੇ ਭੁੰਜੇ ਬੈਠਦੇ ਹਨ।)

ਸੂਬੇਦਾਰ : ਦੇਖ ਲੈ ਜੋਗਿਆ, ਅਜੇ ਕੱਲ੍ਹ ਮੁਨਸ਼ੀ ਮੇਰੇ ਨਾਲ ਚੰਗਾ ਭਲਾ ਗੱਲਾਂ ਕਰ ਰਿਹਾ ਸੀ ਤੇ ਇੱਕਦਮ ਇਹ ਭਾਣਾ ਵਰਤ ਗਿਆ।

ਜੋਗਾ : ਹਾਂ ਤਾਇਆ ਜੀ, ਮੈਨੂੰ ਬਾਈ ਦੀ ਤਾਰ ਮਿਲੀ ਤਾਂ ਮੈਂ ਨੱਸਿਆ ਆਇਆ... ਪਿਛਲੀ ਵਾਰੀ ਜਦੋਂ ਆਇਆ ਤਾਂ ਚਾਚਾ ਆਖਣ ਲੱਗਾ, ਹੁਣ ਤਾਂ ਮੁਸਾਫਰੀ ਮੁੱਕਣ ਵਾਲੀ ਏ... ਪਰ ਇਹ ਨਹੀਂ ਸੀ ਪਤਾ ਕਿ ਇਹ ਸਭ ਕੁਝ ਐਨੀ ਛੇਤੀ ਹੋ ਜਾਵੇਗਾ।

ਜਸਬੀਰ : ਜੋਗਿਆ, ਆਖਰੀ ਸਾਹ ਤੱਕ ਚਾਚਾ ਤੈਨੂੰ ਹੀ ਯਾਦ ਕਰਦਾ ਰਿਹਾ। ਮੈਂ ਤੇ ਤੇਰਾ ਬਾਈ ਸਾਰੀ ਰਾਤ ਉਹਦੇ ਕੋਲ ਬੈਠੇ ਰਹੇ, ਉਹਦੀਆਂ ਨਜ਼ਰਾਂ ਦਰਵਾਜੇ ਵੱਲ ਹੀ ਲੱਗੀਆਂ ਰਹੀਆਂ, ਉਹਨੂੰ ਤੇਰੀ ਉਡੀਕ ਸੀ।

ਸੂਬੇਦਾਰ : ਤੇਰੇ ਨਾਲ ਤਾਂ ਜੋਗਿਆ ਉਹਦਾ ਬੜਾ ਮੋਹ ਸੀ।ਮਾਣ ਨਾਲ ਦੱਸਦਾ ਹੁੰਦਾ ਸੀ ਕਿ ਆਪਣਾ ਭਤੀਜਾ ਜੋਗਾ ਚੰਦੀਗੜ੍ਹ ਅਫਸਰ ਲੱਗਾ ਏ-

ਜੋਗਾ : ਪਿਛਲੀ ਵਾਰ ਤੁਰਨ ਲੱਗਿਆ ਤਾਂ ਉਹਨੇ ਆਖਰੀ ਖਾਹਿਸ਼ ਦੱਸੀ ਸੀ, ਤਾਰ ਮਿਲਣ ਤੋਂ ਬਾਅਦ ਹੁਣ ਤੱਕ ਮੈਨੂੰ ਇਹੀ ਖਦਸ਼ਾ ਲੱਗਾ ਰਿਹਾ ਕਿ ਕਿਧਰੇ ਮੈਨੂੰ ਦੇਰ ਨਾ ਹੋ ਜਾਵੇ ਤੇ ਪਿੰਡ ਪਹੁੰਚਣ ਤੋਂ ਪਹਿਲਾਂ ਕਿੱਧਰੇ ਆਖਰੀ ਰਸਮ ਨਾ ਪੂਰੀ ਹੋ ਜਾਵੇ-

ਜਸਬੀਰ : ਲੈ ਤੇਰਾ ਬਾਈ, ਇਸ ਤਰ੍ਹਾਂ ਹੋਣ ਦਿੰਦਾ ਸੀ, ਹੁਣ ਵੀ ਭਾਵੇਂ ਤੈਨੂੰ ਵੇਖਣ ਹੀ ਗਿਆ ਹੋਵੇ।

ਸੂਬੇਦਾਰ : ਜੋਗਿਆ, ਉਹਨੇ ਆਖਰੀ ਖਾਹਿਸ਼ ਕੀ ਦੱਸੀ ਸੀ ?

ਜੋਗਾ : ਆਖੇ ਜੋਗਿਆ, ਮੈਨੂੰ ਮਰਨ ਤੋਂ ਬਾਦ ਫੂਕਿਓ ਨ, ਬਾਪ ਦਾਦੇ ਦੀ

ਕਬਰ ਕੋਲ ਲੰਮਾ ਪਾ ਦਿਓ ਤੇ ਮਿੱਟੀ ਨਾਲ ਢੱਕ ਦਿਓ।

ਸੂਬੇਦਾਰ : ਫੇਰ ਤੂੰ ਕੀ ਕਿਹਾ ?

ਜੋਗਾ : ਮੈਂ ਕੀ ਕਹਿਣਾ ਸੀ ?

ਸੂਬੇਦਾਰ : ਤੇ ਹੁਣ ਕੀ ਕਹਿਣਾ ਏਂ ?

ਜੋਗਾ : ਜਿਸ ਤਰ੍ਹਾਂ ਚਾਚੇ ਨੇ ਕਿਹਾ ਉਸੇ ਤਰ੍ਹਾਂ ਹੀ ਕਰਨਾ ਏਂ।

ਸੂਬੇਦਾਰ : ਹਾਂ, ਉਸੇ ਤਰ੍ਹਾਂ ਕਰਨਾ ਏ ਭਾਵੇਂ ਗਿਆਨੀ ਹਜ਼ਾਰਾ ਸਿੰਘ ਪਿੰਡ ਵਿਚ ਇਹ ਖੱਪ ਪਾ ਰਿਹਾ ਕਿ ਮੁਨਸ਼ੀ ਖਾਨ ਨੂੰ ਫੂਕਿਆ ਜਾਵੇਗਾ–

*(ਗਿਆਨੀ ਹਜ਼ਾਰਾ ਸਿੰਘ ਗੁੱਸੇ ਨਾਲ ਆਉਂਦਾ ਹੈ।)*

ਗਿਆਨੀ : ਸੂਬੇਦਾਰਾ, ਇਹ ਮੈਂ ਕੀ ਸੁਣ ਰਿਹਾਂ ?

ਸੂਬੇਦਾਰ : ਕੀ ਸੁਣ ਰਿਹਾਂ ?

ਗਿਆਨੀ : ਕਿ ਸੱਜਣ ਸਿੰਘ ਨੂੰ ਫੂਕਿਆ ਨਹੀਂ ਜਾਵੇਗਾ, ਉਹਦੀ ਕਬਰ ਬਣੇਗੀ।

ਸੂਬੇਦਾਰ : ਸੱਜਣ ਸਿੰਘ ਦੀ ਨਹੀਂ, ਮੁਨਸ਼ੀ ਖਾਨ ਦੀ।

ਗਿਆਨੀ : ਜਦੋਂ ਉਹਨੇ 1947 ਵੇਲੇ ਅੰਮ੍ਰਿਤ ਛੱਕ ਲਿਆ ਸੀ ਤਾਂ ਉਹ ਮੁਨਸ਼ੀ ਖਾਨ ਨਹੀਂ ਸੀ ਰਿਹਾ, ਸੱਜਣ ਸਿੰਘ ਬਣ ਗਿਆ ਸੀ।

ਸੂਬੇਦਾਰ : ਅਸੀਂ ਕਿਉਂ ਭੁੱਲੀਏ ਕਿ ਮੁਨਸ਼ੀ ਖਾਨ ਇਕ ਮੁਸਲਮਾਨ ਬਾਪ ਦਾ ਬੇਟਾ ਸੀ ਤੇ ਮੁਸਲਮਾਨ ਮਾਂ ਦੀ ਕੁੱਖੋਂ ਜੰਮਿਆ ਸੀ।

ਗਿਆਨੀ : ਪਰ ਉਹਨੇ ਅੰਮ੍ਰਿਤ ਛੱਕ ਲਿਆ ਸੀ।

ਸੂਬੇਦਾਰ : ਇਹ ਉਹਦੀ ਮਜ਼ਬੂਰੀ ਸੀ।

ਗਿਆਨੀ : ਕਾਹਦੀ ਮਜ਼ਬੂਰੀ ਸੀ, ਉਹਨੇ ਅੰਮ੍ਰਿਤ ਆਪਣੀ ਮਰਜ਼ੀ ਨਾਲ–ਨਾਲ ਛੱਕਿਆ ਸੀ, ਜ਼ਬਰਦਸਤੀ ਨਹੀਂ।

ਸੂਬੇਦਾਰ : ਜ਼ਬਰਦਸਤੀ ਹੀ ਸੀ, ਜਦੋਂ ਤੂੰ ਤੇ ਪਿੰਡ ਵਾਲਿਆਂ ਨੇ ਇਹ ਸ਼ਰਤ ਲਗਾ ਦਿੱਤੀ ਸੀ ਕਿ ਜੇ ਉਹਨੇ ਪਿੰਡ ਰਹਿਣਾ ਤਾਂ ਸਿੰਘ ਸੱਜਕੇ ਰਹਿਣਾ ਪਵੇਗਾ।

ਗਿਆਨੀ : ਨਾ ਹੋਰ ਇਕ ਮੁਸਲਮਾਨ ਨੂੰ ਇਥੇ ਰਹਿਣ ਦਿੰਦੇ ਜਦੋਂ ਕਿ ਸਾਡੇ ਹੋਰ ਭਰਾ ਪਾਕਿਸਤਾਨ ਵਿਚ ਵੱਢੇ–ਟੁੱਕੇ ਜਾ ਰਹੇ ਸਨ।

ਸੂਬੇਦਾਰ : ਮੁਨਸ਼ੀ ਨੇ ਤਾਂ ਨਹੀਂ ਵੱਢੇ ਟੁੱਕੇ ਸਨ ?

ਗਿਆਨੀ : ਅਸੀਂ ਕਿਹੜਾ ਰੋਕਿਆ ਸੀ, ਇਹ ਵੀ ਚਲਿਆ ਜਾਂਦਾ ਜਿਸ ਤਰ੍ਹਾਂ ਉਹਦੇ ਹੋਰ ਭਾਈ ਬੰਦ ਗਏ ਸੀ।

ਸੂਬੇਦਾਰ : ਆਹੋ ਉਹ ਵੀ ਵੱਢਿਆ ਟੁੱਕਿਆ ਜਾਂਦਾ ਜਿਸ ਤਰ੍ਹਾਂ ਉਹਦੇ ਹੋਰ ਭਾਈ ਬੰਦ ਵੱਢੇ–ਟੁੱਕੇ ਜਾ ਰਹੇ ਸਨ। ਉਹ ਇਸ ਲਈ ਨਹੀਂ ਸੀ ਗਿਆ ਕਿਉਂਕਿ ਉਹ ਆਪਣੇ ਬਾਪ, ਦਾਦੇ ਦੀ ਮਿੱਟੀ ਨੂੰ ਪਿਆਰ

ਕਰਦਾ ਸੀ।

ਗਿਆਨੀ : ਕੁਝ ਵੀ ਹੋਵੇ, ਮਰਿਯਾਦਾ ਨਹੀਂ ਬਦਲੀ ਜਾ ਸਕਦੀ ਮੁਨਸ਼ੀ ਜਦੋਂ ਮਰਿਆ ਸੀ ਤਾਂ ਸੱਜਣ ਸਿੰਘ ਹੋ ਕੇ ਮਰਿਆ ਸੀ, ਮੁਨਸ਼ੀ ਖਾਨ ਨਹੀਂ।

ਸੂਬੇਦਾਰ : ਪਰ ਦਿਲੋਂ ਉਹ ਮੁਨਸ਼ੀਖਾਨ ਹੀ ਸੀ, ਦੁੱਲੇ ਮੋਚੀ ਦਾ ਪੁੱਤਰ, ਸੱਜਣ ਸਿੰਘ ਨਹੀਂ।

ਗਿਆਨੀ : ਤੂੰ ਕਿਸ ਤਰ੍ਹਾਂ ਕਹਿ ਸਕਦਾ ਏ ?

ਸੂਬੇਦਾਰ : ਇਹ ਜਸਬੀਰ ਕੌਰ ਕੋਲੋਂ ਪੁੱਛ ਜਿਹੜੀ ਆਖਰੀ ਵੇਲੇ ਉਹਦੇ ਕੋਲ ਸੀ।

ਜਸਬੀਰ : ਹਾਂ ਚਾਚਾ ਜੀ, ਚਾਚੇ ਦੇ ਮੂੰਹੋਂ ਆਖਰੀ ਬੋਲ 'ਅੱਲਾ' ਹੀ ਨਿਕਲਿਆ ਸੀ ਤੇ ਉਹਨੇ ਹੱਥ ਵੀ ਉੱਪਰ ਇਸ ਤਰ੍ਹਾਂ ਚੁੱਕੇ ਸਨ ਜਿਵੇਂ ਕੋਈ ਨਮਾਜ਼ ਪੜ੍ਹ ਰਿਹਾ ਹੋਵੇ।

ਸੂਬੇਦਾਰ : ਗਿਆਨੀ, ਤੂੰ ਇਹ ਦੱਸ ਕਿ ਸਾਡੇ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਨੇ ਚਾਂਦਨੀ ਚੌਂਕ ਆਪਣਾ ਸੀਸ ਕਿਸ ਤਰ੍ਹਾਂ ਦਿੱਤਾ ਸੀ ?

ਗਿਆਨੀ : ਕਿਸ ਲਈ ਦਿੱਤਾ, ਤੂੰ ਹੀ ਦੱਸ ਦੇ।

ਸੂਬੇਦਾਰ : ਨਹੀਂ ਤੂੰ ਗਿਆਨੀ ਧਿਆਨੀ ਏਂ। ਧਰਮ ਦੇ ਨਾਂ ਸਾਰੀ ਉਮਰ ਪੁੰਨ ਖੱਟਦਾ ਰਿਹਾ ਏਂ, ਤੈਨੂੰ ਧਰਮ ਕਰਮ ਦਾ ਬਹੁਤਾ ਪਤਾ ਏ।(ਗਿਆਨੀ ਚੁੱਪ ਹੈ) ਚੱਲ ਮੈਂ ਹੀ ਦੱਸ ਦਿੰਦਾ ਹਾਂ– ਉਹਨਾਂ ਨੇ ਸੀਸ ਇਸ ਲਈ ਦਿੱਤਾ ਕਿ ਹਰ ਇਕ ਬੰਦੇ ਨੂੰ ਆਪਣੇ ਅਕੀਦੇ ਅਨੁਸਾਰ ਇਸ ਧਰਤੀ 'ਤੇ ਸਿਰ ਚੁੱਕ ਕੇ ਜੀਣ ਦਾ ਹੱਕ ਹੈ, ਪਰ ਤੁਸੀਂ ਜੋ ਆਪਣੇ ਆਪ ਨੂੰ ਉਸ ਗੁਰੂ ਦੇ ਸਿੱਖ ਕਹਿਲਾਉਂਦੇ ਹੋ, ਤੁਸੀਂ ਮੁਨਸ਼ੀ ਖਾਂ ਕੋਲੋਂ ਉਹ ਹੱਕ ਉਹਦੇ ਜੀਂਦਿਆਂ ਵੀ ਖੋਹਿਆ ਤੇ ਮੌਤ ਤੋਂ ਬਾਅਦ ਵੀ ਖੋਹਣਾ ਚਾਹੁੰਦੇ ਹੋ।

ਗਿਆਨੀ : (ਜੋਗੇ ਨੂੰ) ਓਏ ਮੁੰਡਿਆ, ਤੂੰ ਇਹ ਦੱਸ ਕਿ ਤੇਰਾ ਚਾਚਾ ਸਿੱਖ ਸੀ ਜਾਂ ਮੁਸਲਮਾਨ ?

ਜੋਗਾ : ਮੈਂ ਤਾਂ ਬਚਪਣ ਤੋਂ ਸਿੱਖੀ ਸਰੂਪ 'ਚ ਵੇਖਦਾ ਰਿਹਾ।

ਗਿਆਨੀ : ਸੁਣ ਲੈ ਸੂਬੇਦਾਰਾ।

ਸੂਬੇਦਾਰ : ਇਹ ਕਿਹੜਾ 1947 ਵੇਲੇ ਜੰਮਿਆ ਹੋਇਆ ਸੀ, ਜੋਗਿਆ ਤੈਨੂੰ ਪਤਾ ਏ ਤੇਰਾ ਚਾਚਾ 1947 ਵੇਲੇ ਮੁਸਲਮਾਨ ਹੁੰਦਾ ਸੀ ਤੇ ਹੱਲਿਆ ਵਿਚ ਸਿੰਘ ਸੱਜ ਗਿਆ ਸੀ।

ਜੋਗਾ : ਹਾਂ ਤਾਇਆ ਜੀ, ਉਹਨੇ ਮੈਨੂੰ ਬੜੀ ਵਾਰ ਦੱਸਿਆ ਸੀ ਕਿ ਮੇਰੇ ਬਾਪੂ ਦੇ ਕਹਿਣ 'ਤੇ ਉਹ ਪਾਕਿਸਤਾਨ ਨਹੀਂ ਸੀ ਗਿਆ ਤੇ ਇਹ ਵੀ ਦੱਸਿਆ ਸੀ ਕਿ ਉਹ ਸਿੰਘ ਕਿਉਂ ਸੱਜਿਆ ਸੀ ?

ਗਿਆਨੀ : ਕਿਉਂ ਸੱਜਿਆ ਸੀ ?

ਜੋਗਾ : ਕਿਉਂਕਿ ਤੁਸੀਂ ਪਿੰਡ ਵਾਲਿਆਂ ਨੇ ਸ਼ਰਤ ਲਾ ਦਿੱਤੀ ਸੀ ਕਿ ਉਹ ਪਿੰਡ ਤਾਂ ਹੀ ਰਹਿ ਸਕਦਾ ਏ ਜੇਕਰ ਸਿੰਘ ਸੱਜ ਕੇ ਰਹੇ।

ਸੂਬੇਦਾਰ : ਸੁਣ ਲਿਆ ਗਿਆਨੀ, ਅਖੇ ਜ਼ਬਰਦਸਤੀ ਨਹੀਂ ਬਣਾਇਆ, ਹੋਰ ਜ਼ਬਰਦਸਤੀ ਕੀ ਹੁੰਦੀ ਏ ?

ਗਿਆਨੀ : ਇਹਦਾ ਜਵਾਬ ਮੈਂ ਦੇ ਚੁੱਕਿਆਂ।

ਜੋਗਾ : ਚਾਚਾ ਤਾਂ 1947 ਵੇਲੇ ਦੀਆਂ ਕਿੰਨੀਆਂ ਗੱਲਾਂ ਸੁਣਾਉਂਦਾ ਸੀ, ਉਹਨੇ ਇਹ ਵੀ ਦੱਸਿਆ ਕਿ ਪਿੰਡ ਵਿਚੋਂ ਬੜਾ ਵੱਡਾ ਕਾਫਲਾ ਲੰਘਿਆ ਸੀ ਤੇ ਬੜੀ ਵੱਢ ਟੁੱਕ ਹੋਈ ਸੀ।

ਸੂਬੇਦਾਰ : ਤੇ ਇਹ ਵੀ ਦੱਸਿਆ ਹੋਣਾ ਕਿ ਤੇਰੇ ਇਸ ਚਾਚੇ ਗਿਆਨੀ ਹਜ਼ਾਰਾ ਸਿੰਘ ਨੇ ਚੌਂਦਾਂ ਦੁੱਧ ਪੀਂਦੇ ਬੱਚਿਆਂ ਨੂੰ ਮੁਕਤੀ ਦਿਵਾਈ ਸੀ।

ਗਿਆਨੀ : ਤੇ ਮੈਂ ਕਦੋਂ ਮੁਕਰਦਾਂ, ਬਿਨਾਂ ਮਾਵਾਂ ਦੇ ਰੁਲਦੇ ਤਾਂ ਚੰਗੇ ਰਹਿੰਦੇ ?

ਸੂਬੇਦਾਰ : ਤੇਰੀ ਤਾਂ ਗਿਆਨੀ ਉਹ ਗੱਲ ਏ ਕਿ ਕਿਸੇ ਇਕ ਰਾਜੇ ਦੀ ਪਰਜਾ ਭੁੱਖੀ ਸੀ, ਰਾਜੇ ਅੱਗੇ ਫਰਿਆਦ ਕੀਤੀ ਕਿ ਅਸੀਂ ਦੁੱਖੀ ਹਾਂ। ਰਾਜੇ ਨੇ ਕਿਹਾ ਇਹਨਾਂ ਦਾ ਦੁੱਖ ਦੂਰ ਕਰ ਦਿਓ, ਸਾਰਿਆਂ ਨੂੰ ਨਦੀਂ ਵਿਚ ਰੋੜ੍ਹ ਦਿਓ।

ਗਿਆਨੀ : ਭਲਾ ਇਸ ਗੱਲ 'ਤੇ ਉਹ ਗੱਲ ਦਾ ਕੀ ਸਬੰਧ ?

ਸੂਬੇਦਾਰ : ਸਬੰਧ ਸਮਝਣ ਵਾਲਿਆਂ ਨੇ ਸਮਝ ਲਿਆ, ਜੇ ਤੂੰ ਨਾ ਸਮਝੇ ਤਾਂ ਤੇਰੀ ਬਦਕਿਸਮਤੀ।

ਜੋਗਾ : ਚਾਚਾ ਤੇ ਹੋਰ ਵੀ ਦਸਦਾ ਸੀ ਕਿ ਗਿਆਨੀ ਹਜ਼ਾਰਾ ਸਿੰਘ ਦਾ ਉਹ ਰੂਪ ਉਹਨੂੰ ਬੜਾ ਹੀ ਡਰਾਵਣਾ ਲੱਗਦਾ ਤੇ ਸੁਫਨੇ ਵਿਚ ਵੀ ਉਹ ਕ੍ਰਿਪਾਨ ਚੁੱਕੀ ਗਿਆਨੀ ਹਜ਼ਾਰਾ ਸਿੰਘ ਨੂੰ ਹੀ ਵੇਖਦਾ ਸੀ।

ਸੂਬੇਦਾਰ : ਹੁਣ ਇਹ ਕਿਸੇ ਸੁਫਨੇ ਵਿਚ ਨਹੀਂ, ਸਾਖ਼ਸ਼ਾਤ ਸਾਹਮਣੇ ਖਲੋਤਾ ਏ।

ਗਿਆਨੀ : ਸੂਬੇਦਾਰਾ ਤੂੰ ਚੁੱਪ ਰਹਿ।

ਜੋਗਾ : ਪਰ ਗੱਲ ਕੀ ਏ ?

ਸੂਬੇਦਾਰ : ਗੱਲ ਜੋਗਿਆ ਇਹ ਵੇ ਕਿ ਮੁਨਸ਼ੀ ਦੀ ਖਾਹਿਸ਼...

ਗਿਆਨੀ : ਮੁਨਸ਼ੀ ਨਹੀਂ, ਸੱਜਣ ਸਿੰਘ ਆਖ–

ਸੂਬੇਦਾਰ : ਮੈਂ ਮੁਨਸ਼ੀ ਹੀ ਆਖਾਂਗਾ। ਮੇਰੇ ਲਈ ਉਹ ਮੁਨਸ਼ੀ ਹੀ ਸੀ, ਮੁਨਸ਼ੀ ਖਾਨ। ਮੈਂ ਚਾਹੁੰਦਾ ਹਾਂ ਕਿ ਉਹਦੀ ਕਬਰ ਬਣੇ ਪਰ ਇਹ ਗਿਆਨੀ ਚਾਹੁੰਦਾ ਹੈ ਕਿ ਉਹਨੂੰ ਮਰਿਯਾਦਾ ਅਨੁਸਾਰ ਫੂਕਿਆ ਜਾਵੇ।

ਜੋਗਾ : (ਹਜ਼ਾਰਾ ਸਿੰਘ ਨੂੰ) ਨਹੀਂ ਚਾਚਾ ਜੀ, ਇਹ ਕਿਸ ਤਰ੍ਹਾਂ ਹੋ ਸਕਦਾ

ਹੈ। ਮੇਰੇ ਕੰਨਾਂ ਵਿਚ ਤਾਂ ਹੁਣ ਵੀ ਉਹਦੇ ਬੋਲ ਪੈ ਰਹੇ ਹਨ- ਕਬਰਾਂ ਉਡੀਕਦੀਆਂ ਨੇ, ਜਿਉਂ ਪੁੱਤਾਂ ਨੂੰ ਮਾਵਾਂ।

ਗਿਆਨੀ : ਉਏ ਇਹ ਸਭ ਵਾਧੂ ਦੀਆਂ ਗੱਲਾਂ ਨੇ, ਧਰਮ-ਕਰਮ ਦੀਆਂ ਗੱਲਾਂ ਵਿਚ ਇਹਨਾਂ ਜਜ਼ਬਾਤੀ ਗੱਲਾਂ ਦੀ ਕੋਈ ਕੀਮਤ ਨਹੀਂ ਤੇ ਸੁਣ ਲਵੋ ਸੱਜਣ ਸਿੰਘ ਦੀ ਆਖਰੀ ਰਸਮ ਸਾਡੀ ਮਰਿਯਾਦਾ ਅਨੁਸਾਰ ਹੀ ਹੋਵੇਗੀ।

ਸੂਬੇਦਾਰ : ਤੂੰ ਇਹ ਧਮਕੀ ਦੇ ਰਿਹਾ ਏਂ ?

ਗਿਆਨੀ : ਧਮਕੀ ਹੀ ਸਮਝ ਲੈ ਸੂਬੇਦਾਰਾ।

ਸੂਬੇਦਾਰ : ਤੇ ਫੇਰ ਮੇਰੇ ਵੱਲੋਂ ਵੀ ਸੁਣ ਲੈ, ਮੁਨਸ਼ੀ ਖਾਂ ਦੀ ਕਬਰ ਬਣੇਗੀ ਤੇ ਮਿੱਟੀ ਪੁੱਟਣ ਲਈ ਕਹੀ ਦਾ ਪਹਿਲਾ ਟੱਕ ਮੈਂ ਲਾਵਾਂਗਾ। (ਜੋਗੇ ਨੂੰ) ਤੁਸੀਂ ਜੋਗਿਆ, ਸਾਰੀ ਤਿਆਰੀ ਕਰੋ।

*(ਜਸਬੀਰ ਅਤੇ ਜੋਗਾ ਜਾਂਦੇ ਹਨ।)*

ਗਿਆਨੀ : (ਉਹਨਾਂ ਦੇ ਜਾਣ ਤੋਂ ਬਾਅਦ) ਸੂਬੇਦਾਰਾ, ਇਥੇ ਲਹੂ ਦੀਆਂ ਨਦੀਆਂ ਵੱਗ ਜਾਣਗੀਆਂ।

ਸੂਬੇਦਾਰ : ਗਿਆਨੀ, ਲਹੂ ਦੀਆਂ ਨਦੀਆਂ ਮੇਰੇ ਲਈ ਕੋਈ ਨਵੀਂ ਗੱਲ ਨਹੀਂ, ਜੰਗਾ ਵਿਚ ਇਹੋ ਕੁਝ ਵੇਖਦਾ ਰਿਹਾ ਹਾਂ। ਬਥੇਰੀਆਂ ਜੰਗਾਂ ਲੜੀਆਂ ਨੇ ਤੇ ਇਕ ਇਹ ਵੀ ਲੜ ਲਵਾਂਗਾ- ਪਰ ਇਹ ਜੰਗ ਕਿਸੇ ਦੇਸ਼ ਲਈ ਨਹੀਂ ਹੋਵੇਗੀ, ਨਾ ਹੀ ਦੇਸ਼ ਦੀਆਂ ਹੱਦਾਂ ਦੀ ਰਾਖੀ ਲਈ ਹੋਵੇਗੀ, ਨਾ ਕਿਸੇ ਦੇਸ਼ ਦੀ ਖੰਡਤਾ-ਅਖੰਡਤਾ ਲਈ ਹੋਵੇਗੀ- ਇਹ ਧਰਤੀ ਦੀਆਂ ਜਮਹੂਰੀ ਕਦਰਾਂ ਕੀਮਤਾਂ ਦੀ ਰਾਖੀ ਲਈ ਹੋਵੇਗੀ, ਹਰ ਇਕ ਬੰਦੇ ਨੂੰ ਆਪਣੇ ਅਕੀਦੇ ਮੁਤਾਬਿਕ ਜੀਣ ਤੇ ਮਰਨ ਦਾ ਹੱਕ ਹੈ ਤੇ ਕੋਈ ਭੂਤਰਿਆ ਹੋਇਆ ਤਾਨਾਸ਼ਾਹ ਉਹਦੇ ਕੋਲੋਂ ਇਹ ਹੱਕ ਨਹੀਂ ਖੋਹ ਸਕਦਾ- ਮੁਨਸ਼ੀ ਖਾਨ ਦਾ ਜਨਾਜ਼ਾ ਨਿਕਲੇਗਾ-

*(ਇੰਨੀ ਦੇਰ ਵਿਚ ਜੋਗਾ ਆਉਂਦਾ ਹੈ।)*

ਜੋਗਾ : ਹਾਂ ਤਾਇਆ ਜੀ, ਸੱਜਣ ਚਾਚੇ ਦਾ ਜਨਾਜ਼ਾ ਪੂਰੀ ਸ਼ਾਨ ਨਾਲ ਨਿੱਕਲੇਗਾ, ਹਾਲੇ ਉਸਦੇ ਭਤੀਜੇ ਮੋਢਾ ਦੇਣ ਲਈ ਜਿਉਂਦੇ ਨੇ।

*(ਇਕ ਪੋਜ਼ ਵਿਚ ਸਟਿੱਲ)*

ਪਿਛੋਂ ਆਵਾਜ਼ : ਕੋਈ ਲੱਦਿਆ ਮੁਸਾਫਿਰ ਜਾਂਦਾ ਮੋਢੇ ਮਹਿਰਮ ਦੇ... .. .।

*(ਸਮਾਪਤ)*